# 66

# ਯਹੂਦਾ ਦੀ ਮੌਤ ਅਤੇ ਰੋਮੀ ਪੇਸ਼ੀਆਂ

## (27:1-31)

ਅਧਿਆਇ 27 ਦੀਆਂ ਜ਼ਿਆਦਾਤਰ ਘਟਨਾਵਾਂ ਦੁੱਖ ਭੋਗਣ ਵਾਲੇ ਹਫ਼ਤੇ ਸ਼ੁੱਕਰਵਾਰ ਨੂੰ ਵਾਪਰੀਆਂ। ਉਸ ਦਿਨ ਸਵੇਰੇ ਸਵੇਰੇ ਯਹੂਦੀ ਸਭਾ ਨੇ ਰਸਮੀ ਤੌਰ ਤੇ ਯਿਸੂ ਨੂੰ ਸਜ਼ਾ ਦੇਣ ਅਤੇ ਯਿਸੂ ਦੀ ਮੌਤ ਦੀ ਸਜ਼ਾ ਦਾ ਮਾਮਲਾ ਬਣਾਉਣ ਲਈ ਸਭਾ ਕੀਤੀ ਤਾਂ ਜੋ ਉਹ ਉਸ ਨੂੰ ਪਿਲਾਤੁਸ ਅੱਗੇ ਪੇਸ਼ ਕਰ ਸਕਣ (27:1, 2)। ਜਿਸ ਕਰਕੇ ਯਿਸੂ ਨੂੰ ਫੜਵਾਉਣ ਲਈ ਯਹੂਦਾ ਪਛਤਾਵੇ ਨਾਲ ਭਰ ਗਿਆ। ਉਸ ਨੇ ਲਹੂ ਦੀ ਕੀਮਤ ਯਹੂਦੀ ਆਗੂਆਂ ਨੂੰ ਮੋੜ ਦਿੱਤੀ ਅਤੇ ਫੇਰ ਸੰਸਾਰੀ ਸੋਗ ਨਾਲ ਭਰ ਕੇ ਬਾਹਰ ਜਾ ਕੇ ਫਾਹਾ ਲਾ ਲਿਆ (27:3–10)।

ਯਹੂਦੀਆਂ ਨੂੰ ਮੌਤ ਦੀ ਸਜ਼ਾ ਦੇਣ ਦਾ ਇਖ਼ਤਿਆਰ ਨਹੀਂ ਸੀ, ਜਿਸ ਕਰਕੇ ਉਨ੍ਹਾਂ ਨੇ ਯਿਸੂ ਨੂੰ ਯਹੂਦੀਆ ਦੇ ਰੋਮੀ ਹਾਕਮ ਪਿਲਾਤੁਸ ਕੋਲ ਭੇਜ ਦਿੱਤਾ। ਉਸ ਨੂੰ ਭਾਵੇਂ ਯਿਸੂ ਨੂੰ ਮੌਤ ਦੀ ਸਜ਼ਾ ਦੇਣ ਵਾਲੀ ਕੋਈ ਗੱਲ ਨਹੀਂ ਲੱਭੀ ਸੀ, ਪਰ ਯਹੂਦੀ ਆਗੂਆਂ ਨੇ ਭੀੜ ਨੂੰ ਇਹ ਰੌਲਾ ਪਾਉਣ ਲਈ ਭੜਕਾ ਦਿੱਤਾ ਸੀ ਕਿ ਉਸ ਨੂੰ ਮੌਤ ਹੀ ਦਿੱਤੀ ਜਾਵੇ। ਅਖ਼ੀਰ ਵਿਚ ਪਿਲਾਤੁਸ ਨੇ ਉਨ੍ਹਾਂ ਦੀ ਇੱਛਾ ਅੱਗੇ ਗੋਡੇ ਟੇਕ ਦਿੱਤੇ। ਜਿਵੇਂ ਕਿ ਰਵਾਇਤੀ ਤੌਰ ਤੇ ਹੁੰਦਾ ਸੀ ਉਸ ਨੇ ਸਲੀਬ ਦਿੱਤੇ ਜਾਣ ਤੋਂ ਪਹਿਲਾਂ ਯਿਸੂ ਨੂੰ ਬੁਰੀ ਤਰ੍ਹਾਂ ਨਾਲ ਕੁਟਵਾਇਆ (27:11–26)।

ਰੋਮੀ ਸਿਪਾਹੀ ਯਿਸੂ ਨੂੰ ਬਾਦਸ਼ਾਹ ਵਰਗੇ ਕੱਪੜੇ ਪੁਆ ਕੇ ਅਤੇ ਉਸ ਅੱਗੇ ਅਦਬ ਨਾਲ ਪੇਸ਼ ਆਉਣ ਦਾ ਵਿਖਾਵਾ ਕਰਦਿਆਂ ਬੜੀ ਬੁਰੀ ਤਰ੍ਹਾਂ ਨਾਲ ਮਜ਼ਾਕ ਕਰ ਰਹੇ ਸਨ। ਕੋੜੇ ਮਾਰਨ ਦੇ ਬਾਅਦ ਉਹ ਉਸ ਨੂੰ ਸਲੀਬ ਦਿੱਤੇ ਜਾਣ ਵਾਲੀ ਥਾਂ ਲੈ ਗਏ (27:27–32)।

### ਸਭਾ ਦੀ ਸਜ਼ਾ (27:1, 2)

**1ਜਾਂ ਸਵੇਰ ਹੋਈ ਤਾਂ ਸਾਰੇ ਪ੍ਰਧਾਨ ਯਾਜਕਾਂ ਅਤੇ ਲੋਕਾਂ ਦੇ ਬਜ਼ੁਰਗਾਂ ਨੇ ਯਿਸੂ ਦੇ ਵਿਰੁੱਧ ਮਤਾ ਪਕਾਇਆ ਜੋ ਉਹ ਨੂੰ ਜਾਨੋਂ ਮਾਰ ਸੁੱਟਣ। 2ਅਤੇ ਉਹ ਨੂੰ ਬੰਨ੍ਹ ਕੇ ਲੈ ਗਏ ਅਰ ਪਿਲਾਤੁਸ ਹਾਕਮ ਦੇ ਹਵਾਲੇ ਕੀਤਾ।**

**ਆਇਤਾਂ 1, 2.** ਰਾਤ ਨੂੰ ਪ੍ਰਧਾਨ ਯਾਜਕ ਅਤੇ ਮਹਾਸਭਾ ਦੇ ਜਿੰਨੇ ਮੈਂਬਰਾਂ ਨੂੰ ਇਕੱਠੇ ਕੀਤਾ ਜਾ ਸਕਦਾ ਸੀ ਉਨ੍ਹਾਂ ਨੂੰ ਇਕੱਠੇ ਕਰਕੇ ਯਿਸੂ ਦੀ ਪੇਸ਼ੀ ਹੋਈ ਸੀ। ਫੈਸਲਾ ਭਾਵੇਂ ਲਿਆ ਜਾ ਚੁੱਕਿਆ ਸੀ ਕਿ ਯਿਸੂ ਕੁਫ਼ਰ ਦਾ ਦੋਸ਼ੀ ਹੈ ਅਤੇ **ਜਾਨੋਂ ਮਾਰ** ਦਿੱਤੇ ਜਾਣ ਯੋਗ ਹੈ (26:66), ਪਰ ਰਾਤ ਨੂੰ ਅਜਿਹਾ ਫੈਸਲਾ ਲਿਆ ਜਾਣਾ ਸ਼ਰ੍ਹਾ ਦੇ ਉਲਟ ਸੀ (26:57 ਤੇ ਟਿੱਪਣੀਆਂ ਵੇਖੋ)। ਇਸ ਕਰਕੇ ਆਪਣੇ ਫੈਸਲੇ ਨੂੰ ਜਾਇਜ਼ ਵਿਖਾਉਣ ਲਈ ਸਾਰੀ ਸਭਾ (ਸਾਰੇ ਪ੍ਰਧਾਨ ਯਾਜਕਾਂ ਅਤੇ ਲੋਕਾਂ ਦੇ ਬਜ਼ੁਰਗਾਂ) ਸਭਾ

ਦੇ ਕਮਰੇ ਵਿਚ **ਸਵੇਰ** ਹੋਣ ਤੋਂ ਪਹਿਲਾਂ ਇਕੱਠੇ ਹੋ ਗਈ (ਮਰਕੁਸ 15:1; ਲੂਕਾ 22:66)। ਇਸ ਇਕੱਠੇ ਹੋਣ ਦਾ ਮਕਸਦ ਸਿਰਫ਼ ਆਪਣੀਆਂ ਕਾਰਵਾਈਆਂ ਨੂੰ ਕੁਝ ਹੱਦ ਤਕ ਜਾਇਜ਼ ਵਿਖਾਉਣਾ ਅਤੇ ਆਪਣੇ ਫੈਸਲੇ ਨੂੰ ਲਾਗੂ ਕਰਵਾਉਣ ਲਈ ਪਿਲਾਤੁਸ ਨੂੰ ਯਕੀਨ ਦੁਆਉਣ ਲਈ ਯੋਜਨਾ ਬਣਾਉਣਾ ਸੀ। ਸਭਾ ਲਈ ਛੇਤੀ ਛੇਤੀ ਕੰਮ ਕਰਨਾ ਜ਼ਰੂਰੀ ਸੀ, ਕਿਉਂ ਜੋ ਰੋਮੀ ਹਾਕਮ ਆਮ ਤੌਰ ਤੇ ਸਰਕਾਰੀ ਕੰਮ ਕਾਜ ਸਵੇਰੇ ਸਵੇਰੇ ਹੀ ਮੁਕਾ ਲੈਂਦੇ ਸਨ।[1] ਇਸ ਸਮੇਂ ਯਹੂਦੀ ਲੋਕ ਦੁਆ ਵਿਚ ਲੱਗੇ ਹੋਏ ਸਨ ਜਿਸ ਕਰਕੇ ਯਿਸੂ ਦਾ ਕਤਲ ਕਰਨ ਦੇ ਮਹਾਸਭਾ ਦੇ ਇਰਾਦੇ ਵਿਚ ਇਨ੍ਹਾਂ ਲੋਕਾਂ ਤੋਂ ਉਨ੍ਹਾਂ ਦੀਆਂ ਦੁਆਵਾਂ ਖੋਹ ਲਈਆਂ ਜਾਂ ਘੱਟੋ ਘੱਟ ਉਨ੍ਹਾਂ ਦੀ ਦੁਆ ਵਿੱਚੋਂ ਧਰਮ ਦੀ ਗੱਲ ਖੋਹ ਲਈ ਸੀ।[2]

ਮਹਾਸਭਾ ਵੱਲੋਂ ਅਧਿਕਾਰਿਕ ਤੌਰ ਤੇ ਯਿਸੂ ਨੂੰ ਦੋਸ਼ੀ ਠਹਿਰਾਏ ਜਾਣ ਦੇ ਬਾਅਦ **ਉਹ ਨੂੰ ਬੰਨ੍ਹ** ਦਿੱਤਾ ਗਿਆ। ਉਹ ਉਸ ਨੂੰ **ਲੈ ਗਏ ਅਰ ਪਿਲਾਤੁਸ ਹਾਕਮ ਦੇ ਹਵਾਲੇ ਕੀਤਾ।** ਇਨ੍ਹਾਂ ਸਾਰੇ ਕੰਮਾਂ ਨਾਲ 20:18, 19 ਵਿਚ ਕੀਤੀ ਯਿਸੂ ਦੀ ਨਬੂਵਤ ਪੂਰੀ ਹੋਈ ਕਿ ਉਹ ''ਪ੍ਰਧਾਨ ਯਾਜਕਾਂ ਅਤੇ ਗ੍ਰੰਥੀਆਂ ਦੇ ਹੱਥ ਫੜਵਾਇਆ ਜਾਵੇਗਾ,'' ਜੋ ''ਉਸ ਨੂੰ ਮਾਰ ਸੁੱਟਣਗੇ'' ਅਤੇ ਫਿਰ ਉਸ ਨੂੰ ''ਪਰਾਈਆਂ ਕੌਮਾਂ ਦੇ ਹੱਥ ਫੜਵਾ ਦੇਣਗੇ।''

ਪਿਲਾਤੁਸ ਯਹੂਦੀਆ ਦੇ ਉੱਤੇ ਰੋਮੀ ਹਾਕਮ ਭਾਵ ਗਵਰਨਰ[3] ਸੀ। ਹੇਰੋਦੇਸ ਮਹਾਨ ਦੀ ਮੌਤ (4 ਈ. ਪੂ.) ਦੇ ਬਾਅਦ ਇਹ ਇਲਾਕਾ ਰੋਮੀ ਸਰਕਾਰ ਵੱਲੋਂ ਉਸ ਦੇ ਪੁੱਤਰ ਅਰਖਿਲਾਉਸ ਨੂੰ ਦੇ ਦਿੱਤਾ ਗਿਆ ਸੀ (2:19–22)। ਪਰ ਬਾਅਦ ਵਿਚ ਅਰਖਿਲਾਉਸ ਨੂੰ ਗੱਦੀ ਤੋਂ ਲਾਹ ਦਿੱਤਾ ਗਿਆ (ਈਸਵੀ 6), ਅਤੇ ਰੋਮੀਆਂ ਨੇ ਉਸ ਇਲਾਕੇ ਉੱਤੇ ਹਕੂਮਤ ਕਰਨ ਲਈ ਇਕ ਦੇ ਬਾਅਦ ਇਕ ਹਾਕਮ ਠਹਿਰਾਏ। ਇਨ੍ਹਾਂ ਵਿੱਚੋਂ ਚਾਰ ਹਾਕਮ ਵੀਹ ਸਾਲਾਂ ਦੌਰਾਨ ਪਿਲਾਤੁਸ ਤੋਂ ਪਹਿਲਾਂ ਆਏ ਸਨ। ਪਿਲਾਤੁਸ ਨੇ ਆਪ ਦੱਸ ਸਾਲ ਹਕੂਮਤ ਕੀਤੀ (ਈਸਵੀ 26–36)।

ਨਵੇਂ ਨੇਮ ਵਿਚ ਪਿਲਾਤੁਸ ਦਾ ਜ਼ਿਕਰ ਕਈ ਵਾਰ ਮਿਲਦਾ ਹੈ। ਕੁਝ ਪ੍ਰਾਚੀਨ ਹੱਥਲਿਖਤਾਂ ਵਿਚ ਉਸ ਨੂੰ ਆਇਤ 2 ਵਾਂਗ ''ਪੁੰਤਿਉਸ ਪਿਲਾਤੁਸ'' ਕਿਹਾ ਗਿਆ ਹੈ (ਵੇਖੋ KJV)।[4] ਪਰਿਵਾਰਿਕ ਨਾਂਅ, ਲੂਕਾ 3:1; ਰਸੂਲਾਂ ਦੇ ਕੰਮ 4:27; ਅਤੇ 1 ਤਿਮੋਥਿਉਸ 6:13 ਵਿਚ ਮਿਲਦਾ ਹੈ। ਜੋਸੇਫ਼ਸ ਅਤੇ ਹੋਰ ਇਤਿਹਾਸਕਾਰਾਂ ਰਾਹੀਂ ਵੀ ਪਿਲਾਤੁਸ ਦਾ ਜ਼ਿਕਰ ਕੀਤਾ ਗਿਆ ਹੈ।[5] ਉਨ੍ਹਾਂ ਦੀਆਂ ਗਵਾਹੀਆਂ ਦੇ ਅਧਾਰ ਤੇ ਪਿਲਾਤੁਸ ਦੀ ਖੂਬੀ ਇਸ ਤਰ੍ਹਾਂ ਦੱਸੀ ਜਾ ਸਕਦੀ ਹੈ, ''ਜੋ ਲਾਲਚੀ, ਢੀਠ, ਜ਼ਾਲਿਮ ਅਤੇ ਲੁਟ ਅਤੇ ਜ਼ੁਲਮ ਦਾ ਸਹਾਰਾ ਲੈਂਦਾ ਸੀ।''[6] ਆਪਣੀ ਹਕੂਮਤ ਦੌਰਾਨ ਉਸ ਨੇ ਯਰੂਸ਼ਲਮ ਵਿਚ ਕੈਸਰ ਦੀਆਂ ਮੂਰਤੀਆਂ ਵਾਲੇ ਰੋਮੀ ਸਿੱਕੇ ਲਿਆ ਕੇ ਪਵਿੱਤਰ ਹੈਕਲ ਦੀ ਦੌਲਤ ਨੂੰ ਕੁਲ ਬਣਾਉਣ ਲਈ ਲੈ ਕੇ ਅਤੇ ਕਈ ਯਹੂਦੀਆਂ ਅਤੇ ਸਾਮਰੀਆਂ ਦਾ ਕਤਲ ਕਰਕੇ ਯਹੂਦੀਆਂ ਵਿਚ ਪਸਾਦ ਕਰਵਾਇਆ (ਲੂਕਾ 13:1)।[7] ਕਈ ਵਾਰ ਅਜਿਹੇ ਕੰਮਾਂ ਲਈ ਜਿਨ੍ਹਾਂ ਨਾਲ ਲੋਕਾਂ ਵਿਚ ਬਗਾਵਤ ਭੜਕ ਜਾਂਦੀ ਸੀ, ਉਸ ਨੂੰ ਝਾੜ ਵੀ ਪੈਂਦੀ ਸੀ।

ਪਿਲਾਤੁਸ ਆਮ ਤੌਰ ਤੇ ਭੂਮੱਧ ਸਾਗਰ ਦੇ ਨੇੜੇ ਇਕ ਮਸ਼ਹੂਰ ਸ਼ਹਿਰ ਕੈਸਰੀਆ[8] ਵਿਚ ਰਹਿੰਦਾ ਸੀ। 1961 ਵਿਚ ਜਦੋਂ ਪੁਰਾਤੱਤਵ ਸ਼ਾਸਤਰੀ ਕੈਸਰੀਆ ਦੇ ਰੋਮੀ ਥਿਏਟਰ ਦੀ ਖ਼ੁਦਾਈ ਕਰ ਰਹੇ ਸਨ ਤਾਂ ਉਨ੍ਹਾਂ ਨੂੰ ''ਪੁੰਤਿਉਸ ਪਿਲਾਤੁਸ'' ਦੇ ਨਾਂਅ ਵਾਲੀ ਪੱਥਰ ਦੀ ਇਕ ਸਲੈਬ ਮਿਲੀ ਸੀ। ਥਿਏਟਰ ਨੂੰ ਢਾਹ ਕੇ ਦੋਬਾਰਾ ਤੋਂ ਬਣਾਇਆ ਗਿਆ ਸੀ ਅਤੇ ਇਹ ਪੱਥਰ (''ਜੋ ਕਿਸੇ ਸਮੇਂ ਹੈਕਲ ਦਾ ਹਿੱਸਾ ਸੀ'' ਪੌੜੀਆਂ ਵਿਚ ਦੋਬਾਰਾ ਲਾਇਆ ਗਿਆ ਸੀ।) ਇਸ ਸ਼ਿਲਾਲੇਖ ਵਿਚ ਕਿਹਾ ਗਿਆ ਹੈ, ''... ਇਹ ਤਿਬੇਰਿਅਮ, ਯਹੂਦੀਆ ਦੇ ਸਿੱਧ, ਪੁੰਤਿਉਸ ਪਿਲਾਤੁਸ ਨੇ ਲਗਵਾਇਆ।''[9] ਪਿਲਾਤੁਸ ਕਿਸੇ ਵੀ ਗੜਬੜ ਨੂੰ ਸ਼ਾਂਤ ਕਰਨ ਲਈ ਯਹੂਦੀ ਤਿਉਹਾਰਾਂ ਦੌਰਾਨ ਯਰੂਸ਼ਲਮ ਵਿਚ ਜਾਂਦਾ ਸੀ। ਪਸਾਹ ਦੌਰਾਨ ਧਾਰਮਿਕ ਅਤੇ ਕੌਮੀ ਭਾਵਨਾਵਾਂ ਪੂਰੇ ਲੋਰ ਵਿਚ ਹੁੰਦੀਆਂ ਸਨ (21:9 ਤੇ ਟਿੱਪਣੀਆਂ ਵੇਖੋ)। ਇਹ ਜਸ਼ਨ ਖ਼ੁਦਾ ਦੇ ਲੋਕਾਂ ਨੂੰ ਉਨ੍ਹਾਂ ਦੇ ਪੁਰਖਿਆਂ ਦੇ ਮਿਸਰ ਦੀ ਗੁਲਾਮੀ ਵਿੱਚੋਂ ਛੁਡਾਏ ਜਾਣ ਨੂੰ ਯਾਦ

ਦੁਆਉਂਦਾ ਸੀ। ਇਸ ਤੋਂ ਇਲਾਵਾ ਇਸ ਨਾਲ ਉਨ੍ਹਾਂ ਨੂੰ ਰੋਮ ਦੀ ਹਕੂਮਤ ਤੋਂ ਆਪਣੇ ਛੁੱਟ ਜਾਣ ਦੀ ਉਮੀਦ ਹੀ ਮਿਲਦੀ ਸੀ। ਪਿਲਾਤੁਸ ਯਰੂਸ਼ਲਮ ਵਿਚ ਸੀ ਅਤੇ ਯਹੂਦੀ ਸਭਾ ਕੋਲ ਮੌਤ ਦੀ ਸਜ਼ਾ ਦੇਣ ਦੀ ਕੋਈ ਤਾਕਤ ਨਹੀਂ ਸੀ (ਯੂਹੰਨਾ 18:31)। ਜਿਸ ਕਰਕੇ ਉਨ੍ਹਾਂ ਨੇ ਉਹ ਫੈਸਲਾ ਲੈਣ ਲਈ ਯਿਸੂ ਨੂੰ ਪਿਲਾਤੁਸ ਕੋਲ ਭੇਜ ਦਿੱਤਾ।

## ਯਹੂਦਾ ਦਾ ਪਛਤਾਵਾ ਅਤੇ ਮੌਤ (27:3-10)

**3ਤਦ ਯਹੂਦਾ ਜਿਹ ਨੇ ਉਸ ਨੂੰ ਫੜਵਾਇਆ ਸੀ ਇਹ ਵੇਖ ਕੇ ਜੋ ਉਸ ਉੱਤੇ ਸਜਾ ਦਾ ਹੁਕਮ ਹੋ**
**ਗਿਆ ਹੈ ਪਛਤਾਇਆ ਅਤੇ ਉਹ ਤੀਹ ਰੁਪਏ ਪ੍ਰਧਾਨ ਯਾਜਕਾਂ ਅਰ ਬਜ਼ੁਰਗਾਂ ਕੋਲ ਮੋੜ ਲਿਆਇਆ।**
**4ਅਤੇ ਬੋਲਿਆ, ਮੈਂ ਪਾਪ ਕੀਤਾ ਜੋ ਨਿਰਦੋਸ਼ ਜਿੰਦ ਨੂੰ ਫੜਵਾ ਦਿੱਤਾ। ਪਰ ਉਹ ਬੋਲੇ, ਸਾਨੂੰ ਕੀ?**
**ਤੂੰ ਹੀ ਜਾਣ। 5ਅਤੇ ਉਹ ਉਨ੍ਹਾਂ ਰੁਪਿਆਂ ਨੂੰ ਹੈਕਲ ਵਿਚ ਸੁੱਟ ਕੇ ਚੱਲਿਆ ਗਿਆ ਅਰ ਜਾਕੇ ਆਪੇ**
**ਫਾਹਾ ਲੈ ਲਿਆ। 6ਅਤੇ ਪ੍ਰਧਾਨ ਯਾਜਕਾਂ ਨੇ ਰੁਪਏ ਲੈ ਕੇ ਆਖਿਆ ਜੋ ਇਨ੍ਹਾਂ ਨੂੰ ਖ਼ਜ਼ਾਨੇ ਵਿਚ ਪਾਉਣਾ**
**ਜੋਗ ਨਹੀਂ ਕਿਉਂ ਜੋ ਲਹੂ ਦਾ ਮੁੱਲ ਹੈ। 7ਤਾਂ ਉਨ੍ਹਾਂ ਨੇ ਮਤਾ ਕਰ ਕੇ ਉਨ੍ਹਾਂ ਨਾਲ ਇਕ ਘੁਮਿਆਰ ਦਾ**
**ਖੇਤ ਪਰਦੇਸੀਆਂ ਦੇ ਦੱਬਣ ਲਈ ਮੁੱਲ ਲਿਆ। 8ਇਸ ਕਾਰਣ ਉਹ ਖੇਤ ਅੱਜ ਤੀਕਰ ਲਹੂ ਦਾ ਖੇਤ**
**ਕਹਾਉਂਦਾ ਹੈ। 9ਤਦ ਜਿਹੜਾ ਬਚਨ ਯਿਰਮਿਯਾਹ ਨਬੀ ਦੀ ਰਾਹੀਂ ਕਿਹਾ ਗਿਆ ਸੀ ਪੂਰਾ ਹੋਇਆ**
**ਕਿ ਉਨ੍ਹਾਂ ਨੇ ਤੀਹ ਰੁਪਏ ਲਏ ਅਰਥਾਤ ਉਸ ਦਾ ਮੁੱਲ ਜਿਹ ਦਾ ਇਸਰਾਏਲ ਦੇ ਵੰਸ ਵਿੱਚੋਂ ਕਿੰਨਿਆਂ**
**ਨੇ ਮੁੱਲ ਠਹਿਰਾਇਆ। 10ਅਤੇ ਉਨ੍ਹਾਂ ਨੂੰ ਘੁਮਿਆਰ ਦੇ ਖੇਤ ਦੇ ਬਦਲੇ ਦਿੱਤਾ ਜਿਵੇਂ ਪ੍ਰਭੂ ਨੇ ਮੈਨੂੰ**
**ਆਗਿਆ ਕੀਤੀ।**

**ਆਇਤਾਂ 3, 4. ਯਹੂਦਾ** ਨੂੰ ਜਦੋਂ ਸਮਝ ਵਿਚ ਆਇਆ ਕਿ ਯਿਸੂ **ਉੱਤੇ ਸਜਾ ਦਾ ਹੁਕਮ ਹੋ ਗਿਆ ਹੈ** ਤਾਂ **ਪਛਤਾਇਆ।** ਤਾਂ ਵੀ ਉਸ ਦਾ ਸੋਗ ਅਜਿਹਾ ਨਹੀਂ ਸੀ ਕਿ ਉਸ ਦੇ ਛੁਟਕਾਰੇ ਦਾ ਕਾਰਣ ਬਣਦਾ। ਪੌਲੁਸ ਨੇ ਲਿਖਿਆ ਹੈ ਕਿ ''ਪਰਮੇਸ਼ੁਰ ਜੋਗ ਉਦਾਸੀ'' ਤੋਬਾ ਦਾ ਕਾਰਣ ਬਣਦੀ ਹੈ (2 ਕੁਰਿੰਥੀਆਂ 7:10; NIV)। ਮੱਤੀ ਵਿਚ ''ਤੋਬਾ'' ਲਈ ਯੂਨਾਨੀ ਸ਼ਬਦ (*metanoeo*) ਨਹੀਂ ਬਲਕਿ ਉਹ ਸ਼ਬਦ ਹੈ ਜਿਸ ਦਾ ਅਰਥ ''ਪਛਤਾਵਾ'' (*metamelomai*) ਹੈ। ਯਹੂਦਾ ਨੇ ਮਾਫ਼ੀ ਨਹੀਂ ਮੰਗੀ ਕਿਉਂਕਿ ਸ਼ਾਇਦ ਉਸ ਨੂੰ ਲੱਗਦਾ ਸੀ ਕਿ ਉਸ ਦਾ ਕਾਰਨਾਮਾ ਐਨਾ ਖ਼ਤਰਨਾਕ ਹੈ ਕਿ ਉਸ ਦੀ ਮਾਫ਼ੀ ਹੋ ਹੀ ਨਹੀਂ ਸਕਦੀ ਸੀ। ਇਹ ਅਫ਼ਸੋਸ ਦੀ ਗੱਲ ਹੈ ਕਿ ਉਸ ਨੂੰ ਅਸਲ ਮਾਫ਼ੀ ਦੀ ਸਮਝ ਹੀ ਨਹੀਂ ਸੀ; ਕਿਉਂਕਿ ਜੇ ਉਹ ਸਹੀ ਢੰਗ ਨਾਲ ਮਾਫ਼ੀ ਚਾਹੁੰਦਾ ਤਾਂ ਉਹ ਵੀ ਪਤਰਸ ਵਾਂਗ ਵਾਪਸ ਆ ਸਕਦਾ ਸੀ (ਯੂਹੰਨਾ 21:15–19)।

ਯਹੂਦਾ **ਉਹ ਤੀਹ ਰੁਪਏ** ਲੋਕਾਂ ਦੇ **ਪ੍ਰਧਾਨ ਯਾਜਕਾਂ ਅਰ ਬਜ਼ੁਰਗਾਂ ਕੋਲ** ਮੋੜ ਲਿਆਇਆ। ਜਿਹੜੇ ਉਨ੍ਹਾਂ ਨੇ ਉਸ ਨੂੰ ਯਿਸੂ ਨੂੰ ਫੜਵਾਉਣ ਲਈ ਦਿੱਤੇ ਸਨ ਅਤੇ ਉਸ ਨੇ ਮੰਨ ਲਿਆ ਕਿ **ਮੈਂ ਪਾਪ ਕੀਤਾ ਜੋ ਨਿਰਦੋਸ਼ ਜਿੰਦ ਨੂੰ ਫੜਵਾ ਦਿੱਤਾ।** ਪੁਰਾਣੇ ਨੇਮ ਵਿਚ ''ਨਿਰਦੋਸ਼ ਦਾ ਖ਼ੂਨ'' ਇਕ ਆਮ ਇਜ਼ਹਾਰ ਸੀ। ਇਹ ਉਨ੍ਹਾਂ ਲੋਕਾਂ ਦੇ ਕਤਲ ਦਾ ਇਸ਼ਾਰਾ ਕਰਦਾ ਸੀ ਜਿਹੜੇ ਮੌਤ ਦੀ ਸਜ਼ਾ ਦੇ ਜੁਰਮ ਦੇ ਮੁਜਰਮ ਨਹੀਂ ਹੁੰਦੇ ਸਨ (ਵਿਵਸਥਾਸਾਰ 19:10; 21:8, 9; 1 ਸਮੂਏਲ 19:5; 2 ਰਾਜਿਆਂ 21:16; 24:4; ਜ਼ਬੂਰ 106:38; ਕਹਾਉਤਾਂ 6:17; ਯਸਾਯਾਹ 59:7)। ਯਹੂਦਾ ਨੇ ਅਸਲ ਵਿਚ ਮਸੀਹ ਨਾਲ ਦਗਾਬਾਜ਼ੀ ਕਰਨ ਦਾ ਪਾਪ ਕੀਤਾ ਸੀ। ਉਸ ਨੇ ਪੁਰਾਣੇ ਨੇਮ ਦੀ ਖ਼ੁਦਾ ਦੀ ਸ਼ਰ੍ਹਾ ਨੂੰ ਤੋੜਿਆ ਸੀ: ''ਸਰਾਪੀ ਹੋਵੇ ਉਹ ਜਿਹੜਾ ਵੱਢੀ ਖਾ ਕੇ ਬੇਦੋਸ਼ੇ ਪ੍ਰਾਣੀ ਦਾ ਖ਼ੂਨ ਕਰੇ'' (ਵਿਵਸਥਾਸਾਰ 27:25)।

ਯਹੂਦੀ ਆਗੂਆਂ ਨੇ ਬਿਨਾਂ ਗੜਬੜੀ ਕੀਤੇ ਯਿਸੂ ਨੂੰ ਫੜਨਾ ਚਾਹਿਆ ਸੀ। ਯਹੂਦਾ ਉਨ੍ਹਾਂ ਦੀ ਸਾਜ਼ਿਸ਼ ਵਿਚ ਸ਼ਾਮਿਲ ਸੀ ਅਤੇ ਉਸ ਨੇ ਉਨ੍ਹਾਂ ਦੀ ਬੁਰਿਆਈ ਨੂੰ ਪੂਰਾ ਹੋਣ ਦਿੱਤਾ ਸੀ।

ਇਨ੍ਹਾਂ ਲੋਕਾਂ ਨੇ ਜਿਹੜੇ ਲੋਕਾਂ ਦੀ ਰੂਹਾਨੀ ਅਗਵਾਈ ਕਰਨ ਵਾਲੇ ਮੰਨੇ ਜਾਂਦੇ ਸਨ, ਉਸ ਨੂੰ ਆਖਿਆ, ''ਸਾਨੂੰ ਕੀ? ਤੂੰ ਹੀ ਜਾਣ।'' ਉਨ੍ਹਾਂ ਨੂੰ ਉਸ ਨਾਲ ਕੋਈ ਹਮਦਰਦੀ ਨਹੀਂ ਸੀ ਅਤੇ ਉਨ੍ਹਾਂ ਨੇ ਉਸ ਨੂੰ ਕੋਈ ਮਦਦ ਦੇਣ ਦੀ ਪੇਸ਼ਕਸ਼ ਨਹੀਂ ਕੀਤੀ ਸੀ। ਯਹੂਦਾ ਨੇ ਉਨ੍ਹਾਂ ਦੇ ਮਨਸੂਬੇ ਨੂੰ ਪੂਰਾ ਕਰ ਦਿੱਤਾ ਸੀ ਅਤੇ ਹੁਣ ਉਨ੍ਹਾਂ ਨੂੰ ਉਸ ਦੀ ਕੋਈ ਲੋੜ ਨਹੀਂ ਸੀ।

**ਆਇਤ 5.** ਜਦ ਪ੍ਰਧਾਨ ਯਾਜਕਾਂ ਅਤੇ ਬਜ਼ੁਰਗਾਂ ਨੇ ਉਸ ਪੈਸੇ ਨੂੰ ਕਬੂਲ ਨਾ ਕੀਤਾ ਤਾਂ ਉਹ ਇਸ ਨੂੰ **ਹੈਕਲ ਵਿਚ ਸੁੱਟ ਕੇ ਚਲਿਆ ਗਿਆ।** ਯੂਨਾਨੀ ਸ਼ਬਦ (*naos*) ਜਿਸਦਾ ਅਨੁਵਾਦ ਹੈਕਲ ਹੋਇਆ ਹੈ ਖ਼ਾਸ ਤੌਰ ਤੇ ਉਸ ਅਸਲ ਹੈਕਲ ਲਈ ਵਰਤਿਆ ਜਾਂਦਾ ਹੈ ਜਿੱਥੇ ਯਾਜਕ ਸੇਵਾ ਕਰਦੇ ਸਨ। ਕਈ ਵਾਰ ਇਸ ਦਾ ਅਰਥ ''ਹੈਕਲ ਦਾ ਪੂਰਾ ਅਹਾਤਾ'' ਹੋ ਸਕਦਾ ਹੈ।[10] ਯਹੂਦਾ ਨੇ ਪ੍ਰਭੂ ਦੇ ਪੈਸੇ ਹੈਕਲ ਦੀ ਵੇਦੀ ਵਿਚ ਸੁੱਟ ਦਿੱਤੇ ਹੋਣਗੇ। ਸੰਭਵ ਅਰਥ ਇਕ ਹੀ ਹੈ ਕਿ ਉਸ ਨੇ ਉਹ ਪੈਸੇ ਖਜ਼ਾਨੇ ਵਿਚ ਸੁੱਟ ਦਿੱਤੇ ਜੋ ਕਿ ਔਰਤਾਂ ਦੇ ਅਹਾਤੇ ਵਿਚ ਹੋਵੇਗਾ (ਮਰਕੁਸ 12:41, 42; ਯੂਹੰਨਾ 8:20)।

ਇਸਦੇ ਬਾਅਦ ਯਹੂਦਾ ਨੇ **ਜਾਕੇ ਆਪੇ ਫਾਹਾ ਲੈ ਲਿਆ।** ਲੂਕਾ ਨੇ ਲਿਖਿਆ ਹੈ ਕਿ ਉਸ ਦੀ ਲਾਸ਼ ਜ਼ਮੀਨ ਤੇ ਡਿੱਗ ਕੇ ਪਾਟ ਗਈ (ਰਸੂਲਾਂ ਦੇ ਕੰਮ 1:18)। ਹੋ ਸਕਦਾ ਹੈ ਕਿ ਯਹੂਦਾ ਦੇ ਮਰ ਜਾਣ ਦੇ ਬਾਅਦ ਉਸ ਦਾ ਰੱਸਾ ਟੁੱਟ ਗਿਆ ਹੋਵੇ ਅਤੇ ਉਹ ਜ਼ਮੀਨ ਤੇ ਡਿੱਗ ਗਿਆ। ਇਹ ਵੀ ਹੋ ਸਕਦਾ ਹੈ ਕਿ ਉਸਦੀ ਲਾਸ਼ ਕਈ ਦਿਨਾਂ ਤਕ ਰੁੱਖ ਤੇ ਟੰਗੀ ਰਹੀ ਹੋਵੇ ਅਤੇ ਅਖ਼ੀਰ ਗਲਣ ਲੱਗੀ ਹੋਵੇ ਜਿਸ ਕਰਕੇ ਪਾਟ ਕੇ ਡਿੱਗ ਗਈ ਹੋਵੇ। ਮਾਈਕਲ ਜੇ. ਵਿਲਕਿੰਸ ਨੇ ਲਿਖਿਆ ਹੈ:

> ਨਵੇਂ ਨੇਮ ਵਿਚ ਖ਼ੁਦਕੁਸ਼ੀ ਦੀ ਸਿਰਫ਼ ਇੱਕੋ ਉਦਾਹਰਣ ਮਿਲਦੀ ਹੈ। ਪੁਰਾਣੇ ਨੇਮ ਵਿਚ ਸ਼ਾਊਲ ਅਤੇ ਉਸ ਦੇ ਹਥਿਆਰ ਢੋਣ ਵਾਲੇ (1 ਸਮੂਏਲ 31:4–5), ਅਹਿਤੋਫ਼ਲ (2 ਸਮੂਏਲ 17:23), ਅਤੇ ਜ਼ਿਮਰੀ (1 ਰਾਜਿਆਂ 16:18) ਦੇ ਮਾਮਲੇ ਮਿਲਦੇ ਹਨ। ਸਮਸੂਨ ਦੀ ਮੌਤ (ਨਿਆਈਆਂ 16:28–31) ਨੂੰ ਬਹਾਦੁਰੀ ਭਰੀ ਖ਼ੁਦਕੁਸ਼ੀ ਜਾਂ ਆਪਣੀ ਜ਼ਿੰਦਗੀ ਦੇ ਕੰਮਾਂ ਦੇ ਨਾ ਬਦਲਣ ਵਾਲੇ ਨਤੀਜਿਆਂ ਨੂੰ ਮੰਨ ਲੈਣ ਦੇ ਰੂਪ ਵਿਚ ਵੇਖਿਆ ਜਾ ਸਕਦਾ ਹੈ। ਯਹੂਦੀ ਧਰਮ ਵਿਚ ਰੱਬੀਆਂ ਵੱਲੋਂ ਖੁਦਕੁਸ਼ੀ ਨੂੰ ਇਖ਼ਲਾਕੀ ਤੌਰ ਤੇ ਗਲਤ ਅਤੇ ਖ਼ੁਦਾ ਦੇ ਖ਼ਿਲਾਫ਼ ਬਗਾਵਤ ਮੰਨਿਆ ਜਾਂਦਾ ਸੀ। ਜਿਸ ਨੇ ਜ਼ਿੰਦਗੀ ਦਿੱਤੀ ਹੈ ਅਤੇ ਸਿਰਫ਼ ਉਸੇ ਨੂੰ ਲੈਣ ਦਾ ਇਖ਼ਤਿਆਰ ਹੈ।[11]

**ਆਇਤ 6.** ਕਪਟੀ ਯਹੂਦੀ ਆਗੂ ਸ਼ਰ੍ਹਾ ਉੱਤੇ ਧਿਆਨ ਦੁਆਉਣ ਵਿਚ ਬੜੇ ਚੌਕਸ ਸਨ, ਭਾਵੇਂ ਉਹ ਇਸ ਨੂੰ ਤੋੜ ਹੀ ਰਹੇ ਹੋਣ! **ਪ੍ਰਧਾਨ ਯਾਜਕਾਂ ਨੇ ਰੁਪਏ ਲੈ ਕੇ ਆਖਿਆ ਜੋ ਇਨ੍ਹਾਂ ਨੂੰ ਖ਼ਜ਼ਾਨੇ ਵਿਚ ਪਾਉਣਾ ਜੋਗ ਨਹੀਂ ਕਿਉਂ ਜੋ ਲਹੂ ਦਾ ਮੁੱਲ ਹੈ।** ਜਿਵੇਂ ਕਿ ਟੀਕਾਕਾਰਾਂ ਨੇ ਧਿਆਨ ਦੁਆਇਆ ਹੈ ਕਿ ਜੇ ਇਹ ਪੈਸਾ ਹੈਕਲ ਦੇ ਖ਼ਜ਼ਾਨੇ ਵਿੱਚੋਂ ਲਿਆ ਗਿਆ ਸੀ, ਤਾਂ ਉਨ੍ਹਾਂ ਦਾ ਕਪਟ ਹੋਰ ਵੀ ਵੱਡਾ ਹੋਣਾ ਸੀ।[12] ''ਖ਼ਜ਼ਾਨੇ'' ਯੂਨਾਨੀ ਸ਼ਬਦ (*korbanas*) ਹੈ ਜੋ ਖ਼ੁਦਾ ਨੂੰ ਸਮਰਪਤ ਦਾਨ (*korban*) ਨਾਲ ਸਬੰਧਿਤ ਹੈ (15:5, 6 ਤੇ ਟਿੱਪਣੀਆਂ ਵੇਖੋ)। ਸ਼ਰ੍ਹਾ ਵਿਚ ਨਜਾਇਜ਼ ਢੰਗਾਂ ਨਾਲ ਕਮਾਇਆ ਗਿਆ ਪੈਸਾ ਖ਼ੁਦਾ ਦੇ ਘਰ ਵਿਚ ਲਿਆਉਣ ਦੇ ਵਿਰੁਧ ਚਿਤਾਵਨੀ ਦਿੱਤੀ ਗਈ ਸੀ (ਵਿਵਸਥਾਸਾਰ 23:18)।

ਲਹੂ ਦਾ **ਮੁੱਲ** ਹੈਕਲ ਦੇ ਖਜ਼ਾਨੇ ਵਿਚ ਨਹੀਂ ਰੱਖ ਸਕਦੇ ਸਨ ਇਸ ਕਰਕੇ ਉਨ੍ਹਾਂ ਨੇ **ਘੁਮਿਆਰ ਦਾ ਖੇਤ** ਮੁੱਲ ਲੈ ਕੇ **ਪਰਦੇਸੀਆਂ** ਦੇ ਦੱਬਣ ਲਈ ਵਰਤਣ ਦਾ ਫੈਸਲਾ ਕੀਤਾ। ''ਪਰਦੇਸੀਆਂ'' ਲਈ ਸ਼ਬਦ (*xenos* ਤੋਂ) ਦਾ ਅਨੁਵਾਦ ''ਵਿਦੇਸੀ'' ਵੀ ਹੋ ਸਕਦਾ ਹੈ (NEB; NRSV; NLT)। ਇੱਥੇ

ਇਹ ਸ਼ਬਦ ਗੈਰ ਕੌਮਾਂ ਲਈ ਵੀ ਹੋ ਸਕਦਾ ਹੈ। ਗੈਰ ਕੌਮਾਂ ਨੂੰ ਆਮ ਤੌਰ ਤੇ ਯਹੂਦੀ ਕਬਰਿਸਤਾਨਾਂ ਵਿਚ ਨਹੀਂ ਦਫ਼ਨਾਇਆ ਜਾਂਦਾ ਸੀ, ਇਸ ਨਾਲ ਉਨ੍ਹਾਂ ਨੂੰ ਕਬਰਿਸਤਾਨ ਦੀ ਸਹੂਲਤ ਮਿਲ ਜਾਣੀ ਸੀ। ਇਕ ਹੋਰ ਸੰਭਾਵਨਾ ਹੈ ਕਿ *xenos* ਹੋਰ ਥਾਂਵਾਂ ਵਿਚ ਰਹਿਣ ਵਾਲੇ ਪਰ ਯਰੂਸ਼ਲਮ ਆਉਣ ਵੇਲੇ ਉੱਥੇ ਮਰ ਜਾਣ ਵਾਲੇ ਯਹੂਦੀਆਂ ਵੱਲ ਸੰਕੇਤ ਕਰਦਾ ਹੈ। ਯਹੂਦਾ ਵੀ ਬਾਹਰੋਂ ਆਉਣ ਵਾਲੇ ਯਹੂਦੀਆਂ ਵਿਚ ਆਉਂਦਾ ਹੈ।

**ਆਇਤ 7.** ਜ਼ਮੀਨ ਦੇ ਇਸ ਟੁਕੜੇ ਨੂੰ ''ਘੁਮਿਆਰ ਦਾ ਖੇਤ'' ਸ਼ਾਇਦ ਇਸ ਕਰਕੇ ਆਖਿਆ ਜਾਂਦਾ ਸੀ ਕਿਉਂਕਿ ਇਸ ਨੂੰ ਘੁਮਿਆਰ ਵੱਲੋਂ ਮਿੱਟੀ ਲੈਣ ਜਾਂ ਟੁੱਟੇ ਭਾਂਡਿਆਂ ਨੂੰ ਸੁੱਟਣ ਵਾਸਤੇ ਵਰਤਿਆ ਜਾਂਦਾ ਸੀ। ਰਵਾਇਤ ''ਘੁਮਿਆਰ ਦਾ ਖੇਤ'' ਦੀ ਥਾਂ ਹਿੰਨੋਮ ਦੀ ਘਾਟੀ ਦੇ ਦੱਖਣ ਪੂਰਬੀ ਕੰਢੇ ਤੇ ਹੋਣਾ ਦੱਸਦਾ ਹੈ, ਭਾਵੇਂ ਇਸ ਥਾਂ ਤੇ ਕੁਝ ਝਗੜਾ ਹੈ।[13] ਅੱਜ ਕਈ ਸਮਾਜਾਂ ਵਿਚ ਲੋੜਵੰਦਾਂ ਜਾਂ ਲਾਵਾਰਿਸ ਲੋਕਾਂ ਲਈ ਕਬਰਿਸਤਾਨ ਬਣਾਏ ਜਾਂਦੇ ਹਨ ਅਤੇ ਉਨ੍ਹਾਂ ਨੂੰ ''ਘੁਮਿਆਰ ਦਾ ਖੇਤ'' ਨਾਂਅ ਨਾਲ ਹੀ ਜਾਣਿਆ ਜਾਂਦਾ ਹੈ।

**ਆਇਤ 8.** ਯਹੂਦਾ ਦੇ ਦਗਾਬਾਜ਼ੀ ਨਾਲ ਖਰੀਦੇ ਗਏ **ਖੇਤ** (''ਲਹੂ ਦਾ ਮੁੱਲ''; 27:6) ਨੂੰ **ਲਹੂ ਦਾ ਖੇਤ** ਨਾਂਅ ਦਿੱਤਾ ਗਿਆ ਸੀ। ਰਸੂਲਾਂ ਦੇ ਕੰਮ 1:18, 19 ਵਿਚ ਲੂਕਾ ਨੇ ਅਰਾਮੀ ਭਾਸ਼ਾ ਦਾ ਸ਼ਬਦ ''ਅਕਲਦਮਾ'' ਦਿੱਤਾ ਹੈ ਜਿਸ ਤੋਂ ਭਾਵ ਹੈ ''ਲਹੂ ਦਾ ਖੇਤ।'' ਲਹੂ ਦੀ ਕੀਮਤ ਮੋੜ ਦੇਣ ਦੀ ਥਾਂ ਉਸ ਨੇ ਯਹੂਦਾ ਦੀ ਲਾਸ਼ ਦੇ ਖੇਤ ਵਿਚ ਪਾਟ ਜਾਣ ਦੇ ਸਬੰਧ ਵਿਚ ਇਹ ਨਾਂਅ ਦੱਸਿਆ। ਦੋਹਾਂ ਰਵਾਇਤਾਂ ਵਿਚ ਕੋਈ ਵਿਰੋਧਾਭਾਸ ਨਹੀਂ ਹੈ ਕਿਉਂਕਿ ਲੋਕ ਜ਼ਾਹਿਰ ਤੌਰ ਤੇ ਵੱਖੋ ਵੱਖ ਕਾਰਣਾਂ ਕਰਕੇ ਇਸ ਨੂੰ ''ਲਹੂ ਦਾ ਖੇਤ'' ਕਹਿਣ ਲੱਗੇ।

**ਅੱਜ ਤੀਕਰ** ਵਾਕਅੰਸ਼ ਜੋ ਕਿ 28:15 ਵਿਚ ਵੀ ਮਿਲਦਾ ਹੈ, ਸੰਕੇਤ ਦਿੰਦਾ ਹੈ ਕਿ ਇਸ ਘਟਨਾਂ ਦੇ ਵਾਪਰਣ ਅਤੇ ਇੰਜੀਲ ਦੇ ਮੱਤੀ ਦੇ ਵਿਰਤਾਂਤ ਦੇ ਲਿਖੇ ਜਾਣ ਦੌਰਾਨ ਕਾਫ਼ੀ ਸਮਾਂ ਲੰਘ ਗਿਆ ਸੀ। ਮੱਤੀ ਨੇ ਜੇ 50 ਦੇ ਦਹਾਕੇ ਦੇ ਅਖ਼ੀਰ ਵਿਚ ਜਾਂ 60 ਦੇ ਦਹਾਕੇ ਦੇ ਸ਼ੁਰੂ ਵਿਚ ਲਿਖਿਆ, ਤਾਂ ਤਕਰੀਬਨ ਤੀਹ ਸਾਲ ਲੰਘ ਗਏ ਹੋਣਗੇ। ''ਅੱਜ ਤੀਕਰ'' ਯਹੋਸ਼ੁਆ ਅਤੇ ਨਿਆਈਆਂ ਵਰਗੀਆਂ ਪੁਰਾਣੇ ਨੇਮ ਦੀਆ ਕਈ ਕਿਤਾਬਾਂ ਵਿਚ ਬਾਰ ਬਾਰ ਮਿਲਦਾ ਹੈ।

**ਆਇਤਾਂ 9, 10.** ਇਕ ਵਾਰ ਫੇਰ ਮੱਤੀ ਨੇ ਲਿਖਿਆ ਕਿ ਇਹ ਪਵਿੱਤਰ ਲਿਖਤ ਦੀ ਗੱਲ ਦਾ **ਪੂਰਾ** ਹੋਣਾ ਸੀ (1:22; 2:15, 17, 23; 4:14; 8:17; 12:17; 13:35; 21:4; 26:56)। ਯਹੂਦਾ ਦਾ ਲਹੂ ਦੀ ਕੀਮਤ ਮੋੜਨਾ ਅਤੇ ਬਾਅਦ ਵਿਚ ਯਹੂਦੀ ਆਗੂਆਂ ਵੱਲੋਂ ਘੁਮਿਆਰ ਦੇ ਖੇਤ ਦਾ ਖ਼ਰੀਦਿਆ ਜਾਣਾ ਇਨ੍ਹਾਂ ਸ਼ਬਦਾਂ ਦਾ ਪੂਰਾ ਹੋਣਾ ਸੀ, **''ਉਨ੍ਹਾਂ ਨੇ ਤੀਹ ਰੁਪਏ ਲਏ ਅਰਥਾਤ ਉਸ ਦਾ ਮੁੱਲ ਜਿਹ ਦਾ ਇਸਰਾਏਲ ਦੇ ਵੰਸ ਵਿੱਚੋਂ ਕਿੰਨਿਆਂ ਨੇ ਮੁੱਲ ਠਹਿਰਾਇਆ। ਅਤੇ ਉਨ੍ਹਾਂ ਨੂੰ ਘੁਮਿਆਰ ਦੇ ਖੇਤ ਦੇ ਬਦਲੇ ਦਿੱਤਾ ਜਿਵੇਂ ਪ੍ਰਭੂ ਨੇ ਮੈਨੂੰ ਆਗਿਆ ਕੀਤੀ।''**

ਮੱਤੀ ਨੇ ਇਹ ਹਵਾਲਾ **ਯਿਰਮਿਯਾਹ** ਨਹੀ ਦਾ ਦੱਸਿਆ ਭਾਵੇਂ ਇਸਦੀ ਭਾਸ਼ਾ ਜ਼ਿਆਦਾਤਰ ਜ਼ਕਰਯਾਹ 11:13 ਦੇ ਵਹਾਲੇ ਨਾਲ ਮਿਲਦੀ ਹੈ। ''ਯਹੋਵਾਹ ਨੇ ਮੈਨੂੰ ਆਖਿਆ ਕਿ ਇਨ੍ਹਾਂ ਨੂੰ ਘੁਮਿਹਾਰ ਅੱਗੇ ਸੁੱਟ ਦੇ ਅਰਥਾਤ ਉਸ ਵੱਡੇ ਮੁੱਲ ਨੂੰ ਜਿਹੜਾ ਉਨ੍ਹਾਂ ਵੱਲੋਂ ਮੇਰਾ ਮੁੱਲ ਪਿਆ ਸੀ। ਮੈਂ ਉਹ ਤੀਰ ਰੁਪਏ ਲੈ ਕੇ ਯਹੋਵਾਹ ਦੇ ਭਵਨ ਵਿਚ ਘੁਮਿਆਰ ਅੱਗੇ ਸੁੱਟ ਦਿੱਤੇ।'' ਮੱਤੀ ਦੇ ''ਯਿਰਮਿਯਾਹ'' ਦਾ ਹਵਾਲਾ ਦੱਸਣ ਦੀਆਂ ਵੱਖੋ ਵੱਖ ਵਿਆਖਿਆਵਾਂ ਦਿੱਤੀਆਂ ਗਈਆਂ ਹਨ। (1) ਇਕ ਸੁਝਾਅ ਇਹ ਹੈ ਕਿ ਇਹ ਲਿਖਣ ਵਿਚ ਗਲਤੀ ਕਰਕੇ ਗਲਤ ਪਛਾਣ ਹੈ।[14] (2) ਇਕ ਹੋਰ ਵਿਚਾਰ ਹੈ ਕਿ ਇਹ ਹਵਾਲਾ ਯਿਰਮਿਯਾਹ ਦੀ ਅਪ੍ਰਮਾਣਿਕ ਕਿਤਾਬ ਵਿੱਚੋਂ ਲਿਆ ਗਿਆ ਹੈ ਜੋ ਸਾਂਭ ਕੇ ਨਹੀਂ ਰੱਖੀ ਗਈ ਹੈ। (3) ਇਹ ਹੋ ਸਕਦਾ ਹੈ ਕਿ ਮੱਤੀ ਨੇ ਯਿਰਮਿਯਾਹ ਦਾ ਹਵਾਲਾ ਇਸ ਕਰਕੇ ਦਿੱਤਾ ਕਿਉਂਕਿ ਉਸ ਦੀ ਕਿਤਾਬ ਦੀ ਸ਼ੁਰੂਆਤ ਪ੍ਰਾਚੀਨ ਰੱਬੀਆਂ ਦੇ ਕੁਝ ਨਾਂਵਾਂ ਵਾਲੇ

ਨਬੀਆਂ ਦੇ ਨਾਲ ਹੋਈ ਸੀ। ਇਸ ਕਰਕੇ ਯਿਰਮਿਯਾਹ ਦਾ ਹਵਾਲਾ ਨਬੀਆਂ ਦੇ ਪੂਰੇ ਭਾਗ ਦੀ ਗੱਲ ਕਰਨ ਦਾ ਆਮ ਤਰੀਕਾ ਰਿਹਾ ਹੋਵੇਗਾ। ਇਸੇ ਤਰ੍ਹਾਂ ਨਾਲ ਜ਼ਬੂਰਾਂ ਦੀ ਪੋਥੀ ਦੀਆਂ ਗੱਲਾਂ ਲਿਖਤਾਂ ਵਿਚ ਮਿਲਾਇਆ ਜਾਂਦਾ ਸੀ ਅਤੇ ਇਸ ਨੂੰ ਇਬਰਾਨੀ ਕਵਿਤਾ ਦਾ ਪੂਰਾ ਹਿੱਸਾ ਆਖਿਆ ਜਾ ਸਕਦਾ ਸੀ (ਲੂਕਾ 24:44)। (4) ਇਕ ਆਖ਼ਰੀ ਵਿਆਖਿਆ ਹੈ ਕਿ ਯਿਰਮਿਯਾਹ ਦੀਆਂ ਗੱਲਾਂ ਇਸ ਹਵਾਲੇ ਵਿਚ ਮਿਲਦੀਆਂ ਹਨ (ਵੇਖੋ ਯਿਰਮਿਯਾਹ 18:2, 3; 19:1–13; 32:6–9), ਅਤੇ ਮੱਤੀ ਵਿਚ ਘੱਟ ਮਸ਼ਹੂਰ ਨਬੀ (ਜ਼ਕਰਯਾਹ) ਦੀ ਥਾਂ ਵੱਧ ਮਸ਼ਹੂਰ (ਯਿਰਮਿਯਾਹ) ਨੂੰ ਦੁਹਰਾਇਆ ਗਿਆ। ਅਜਿਹਾ ਹੀ ਹਵਾਲਾ ਮਰਕੁਸ 1:2, 3 ਵਿਚ ਮਿਲਦਾ ਹੈ ਜਿੱਥੇ ਮਲਾਕੀ ਦੇ ਸ਼ਬਦਾਂ ਨਾਲ (ਮਲਾਕੀ 3:1) ਉਸ ਦੀ ਲਿਖਤ ਨੂੰ ਮਿਲਾ ਕੇ (ਯਸਾਯਾਹ 40:3) ਪਵਿੱਤਰ ਲਿਖਤ ਦਾ ਸਿਹਰਾ ਯਸਾਯਾਹ ਨੂੰ ਦਿੱਤਾ ਗਿਆ ਹੈ।

ਪਹਿਲੇ ਅਤੇ ਦੂਜੇ ਸੁਝਾਅ ਗਲਤ ਨਹੀਂ ਹਨ। ਇਹ ਸਚਿਆਈ ਸੰਭਵ ਤੌਰ ਤੇ ਤੀਜੇ ਜਾਂ ਚੌਥੇ ਸੁਝਾਅ ਵਿਚ ਵਿਖਾਈ ਗਈ ਹੈ ਜਿਸ ਵਿਚ ਚੌਥਾ ਸੁਝਾਅ ਸਭ ਤੋਂ ਵੱਧ ਮੰਨਣ ਯੋਗ ਹੈ।

## ਰੋਮੀ ਪੇਸ਼ੀ, ਭਾਗ 1 (27:11-14)

**11ਯਿਸੂ ਹਾਕਮ ਦੇ ਸਾਹਮਣੇ ਖੜਾ ਸੀ ਅਰ ਹਾਕਮ ਨੇ ਉਸ ਤੋਂ ਇਹ ਪੁੱਛਿਆ, ਭਲਾ, ਯਹੂਦੀਆਂ ਦਾ ਬਾਦਸ਼ਾਹ ਤੂੰ ਹੈਂ? ਯਿਸੂ ਨੇ ਉਹ ਨੂੰ ਆਖਿਆ, ਤੂੰ ਸੱਚ ਆਖਿਆ ਹੈ। 12ਤਦ ਪ੍ਰਧਾਨ ਯਾਜਕ ਅਰ ਬਜ਼ੁਰਗ ਉਸ ਉੱਤੇ ਦੋਸ਼ ਲਾਉਂਦੇ ਸਨ ਉਹ ਕੁਝ ਜਵਾਬ ਨਹੀਂ ਸੀ ਦਿੰਦਾ। 13ਤਦ ਪਿਲਾਤੁਸ ਨੇ ਉਹ ਨੂੰ ਕਿਹਾ, ਤੂੰ ਸੁਣਦਾ ਨਹੀਂ ਜੋ ਇਹ ਤੇਰੇ ਵਿਰੁੱਧ ਕਿੰਨੀਆਂ ਉਗਾਹੀਆਂ ਦਿੰਦੇ ਹਨ? 14ਪਰ ਓਸ ਉਹ ਨੂੰ ਇਕ ਗੱਲ ਦਾ ਵੀ ਜਵਾਬ ਨਾ ਦਿੱਤਾ ਐਥੋਂ ਤੀਕ ਜੋ ਹਾਕਮ ਨੇ ਬਹੁਤ ਅਚਰਜ ਮੰਨਿਆ।**

**ਆਇਤ 11.** ਯਹੂਦਾ ਦੀ ਮੌਤ ਦੀ ਖ਼ਬਰ ਦੇਣ ਦੇ ਬਾਅਦ ਵਚਨ ਉੱਥੋਂ ਹੀ ਸ਼ੁਰੂ ਹੁੰਦਾ ਹੈ ਜਿੱਥੇ ਆਇਤ 2 ਵਿਚ ਬੰਦ ਹੋਇਆ ਸੀ। **ਯਿਸੂ** ਰੋਮੀ **ਹਾਕਮ** ਪਿਲਾਤੁਸ ਅੱਗੇ ਜਿਹੜਾ ਉਸ ਨੂੰ ਮੌਤ ਦੀ ਸਜ਼ਾ ਦੇਣ ਲਈ ਇੱਕੋ ਇਕ ਕਾਨੂੰਨੀ ਇਖ਼ਤਿਆਰ ਵਾਲਾ ਆਦਮੀ ਸੀ, ਪੇਸ਼ੀ ਵਾਸਤੇ ਖੜਾ ਸੀ।[15] ਯੂਹੰਨਾ 18:28 ਸੰਕੇਤ ਦਿੰਦਾ ਹੈ ਕਿ ਯਿਸੂ ਤੋਂ ਮਹਿਲ ਦੇ ਅੰਦਰ ਪੁੱਛ ਗਿੱਛ ਕੀਤੀ ਗਈ ਸੀ (27:27 ਤੇ ਟਿੱਪਣੀਆਂ ਵੇਖੋ)। ਪਰ ਪਿਲਾਤੁਸ ਯਹੂਦੀਆਂ ਨੂੰ ਮਿਲਣ ਲਈ ਬਾਹਰ ਚਲਿਆ ਗਿਆ ਕਿਉਂਕਿ ਉਹ ਗੈਰਕੌਮ ਦੀ ਇਮਾਰਤ ਵਿਚ ਵੜ ਕੇ ਪਸਾਹ ਦੇ ਤਿਉਹਾਰ ਦੌਰਾਨ ਆਪਣੇ ਆਪ ਨੂੰ ਰਸਮੀ ਤੌਰ ਤੇ ਅਸ਼ੁੱਧ ਹੋਣ ਤੋਂ ਬਚਨ ਦੀ ਉਨ੍ਹਾਂ ਦੀ ਇੱਛਾ ਦਾ ਸਨਮਾਨ ਕਰਦਾ ਸੀ (ਯੂਹੰਨਾ 18:28–32)।

ਪ੍ਰਿਟੋਰੀਅਮ ਜਾਂ ਕਿਲ੍ਹੇ ਦੀਆਂ ਜੋ ਕਿ ਯਰੂਸ਼ਲਮ ਵਿਚ ਹਾਕਮ ਦਾ ਸਰਕਾਰੀ ਨਿਵਾਸ ਸੀ, ਤਿੰਨ ਸੰਭਾਵਨਾਵਾਂ ਤੇ ਵਿਚਾਰ ਕੀਤਾ ਗਿਆ ਹੈ।[16] (1) ਇਹ ਅੰਟੋਨੀਆ ਦਾ ਕਿਲ੍ਹਾ ਹੋ ਸਕਦਾ ਹੈ ਜੋ ਕਿ ਹੈਕਲ ਦੇ ਪਹਾੜ ਦੇ ਉੱਤਰ ਪੱਛਮੀ ਕੰਢੇ ਤੇ ਸੀ (ਵੇਖੋ ਰਸੂਲਾਂ ਦੇ ਕੰਮ 21:34)।[17] ਰਵਾਇਤੀ ਵਾਇਆ ਡੋਲੋਰੋਸਾ (ਸਲੀਬ ਦਾ ਰਾਹ) ਇਸੇ ਥਾਂ ਤੋਂ ਸ਼ੁਰੂ ਹੁੰਦਾ ਹੈ। (2) ਇਸ ਥਾਂ ਦੀ ਇਕ ਹੋਰ ਸੰਭਾਵਨਾ ਪੁਰਾਣਾ ਹਸਮੋਨੀ ਸ਼ਾਹੀ ਮਹਿਲ ਹੈ ਜੋ ਤਿਰੋਪੀ ਘਾਟੀ ਦੀ ਪੱਛਮੀ ਢਲਾਣ ਤੇ ਸੀ (ਹੈਕਲ ਦੇ ਪਹਾੜ ਦੇ ਉੱਤਰ ਪੱਛਮੀ ਸਿਰੇ ਦੇ ਬਾਹਰ)।[18] (3) ਇਕ ਆਖ਼ਰੀ ਸੰਭਾਵਨਾ ਯਰੂਸ਼ਲਮ ਦੇ ਪੱਛਮ ਵੱਲ ਹੇਰੋਦੇਸ ਮਹਾਨ ਵੱਲੋਂ ਬਣਾਇਆ ਗਿਆ ਖੂਬਸੂਰਤ ਮਹਿਲ ਹੈ।[19] ਜੋਸੇਫ਼ਸ ਨੇ ਸੰਕੇਤ ਦਿੱਤਾ ਹੈ ਕਿ ਰੋਮੀ ਹਾਕਮ ਯਰੂਸ਼ਲਮ ਵਿਚ ਰਹਿਣ ਦੌਰਾਨ ਇਸ ਮਹਿਲ ਦੀ ਵਰਤੋਂ ਨਿਵਾਸ ਅਤੇ ਪ੍ਰਬੰਧੀ ਦਫ਼ਤਰ ਦੇ ਰੂਪ ਵਿਚ ਕਰਦੇ ਸਨ।[20]

ਪਿਲਾਤੁਸ ਨੇ ਯਿਸੂ ਤੋਂ ਪੁੱਛਿਆ, **''ਭਲਾ, ਯਹੂਦੀਆਂ ਦਾ ਬਾਦਸ਼ਾਹ ਤੂੰ ਹੈਂ?''** ਪਹਿਲਾ ਪ੍ਰਧਾਨ

ਯਾਜਕ ਕਯਾਫ਼ਾ ਨੇ ਯਿਸੂ ਤੋਂ ਪੁੱਛਿਆ ਸੀ ਕਿ ਭਲਾ ''ਮਸੀਹ ਪਰਮੇਸ਼ੁਰ ਦਾ ਪੁੱਤਰ'' ਉਹੀ ਹੈ (26:63)। ਯਹੂਦੀ ਆਗੂ ਜਦ ਯਿਸੂ ਨੂੰ ਪਿਲਾਤੁਸ ਕੋਲ ਲੈ ਗਏ ਤਾਂ ਉਨ੍ਹਾਂ ਨੇ ਉਸ ਉੱਤੇ ਬਗਾਵਤ ਦਾ ਇਲਜ਼ਾਮ ਲਾਇਆ। ਉਨ੍ਹਾਂ ਨੇ ਦਾਅਵਾ ਕੀਤਾ ਕਿ ਉਹ ਕੈਸਰ ਦੇ ਵਿਰੋਧ ਵਿਚ ''ਯਹੂਦੀਆਂ ਦਾ ਰਾਜਾ'' ਸੀ (ਵੇਖੋ ਲੂਕਾ 23:13, 14; ਯੂਹੰਨਾ 19:12, 21)।

**ਯਿਸੂ ਨੇ** ਪਿਲਾਤੁਸ ਨੂੰ ਉਵੇਂ ਹੀ ਉੱਤਰ ਦਿੱਤਾ ਜਿਵੇਂ ਉਸ ਨੇ ਯਹੂਦਾ ਅਤੇ ਕਯਾਫ਼ਾ ਨੂੰ ਦਿੱਤਾ ਸੀ: **''ਤੂੰ ਸੱਚ ਆਖਿਆ ਹੈ''** (26:64 ਤੇ ਟਿੱਪਣੀਆਂ ਵੇਖੋ)। ਇੰਜੀਲ ਦੇ ਯੂਹੰਨਾ ਦੇ ਵਿਰਤਾਂਤ ਦੇ ਅਨੁਸਾਰ ਯਿਸੂ ਨੇ ਇਸ ਦੇ ਨਾਲ ਇਹ ਵੀ ਆਖਿਆ, ''ਕੀ ਤੂੰ ਇਹ ਗੱਲ ਆਪੇ ਆਖਦਾ ਹੈਂ ਜਾਂ ਹੋਰਨਾਂ ਤੈਨੂੰ ਮੇਰੇ ਵਿਖੇ ਦੱਸੀ ਹੈ?'' ਅਤੇ ਫਿਰ ਦੱਸਿਆ, ''ਮੇਰੀ ਬਾਦਸ਼ਾਹੀ ਤਾਂ ਇੱਥੋਂ ਦੀ ਨਹੀਂ'' (ਯੂਹੰਨਾ 18:34, 36)। ਇਸ ਵਾਧੂ ਜਾਣਕਾਰੀ ਤੋਂ ਪਤਾ ਲੱਗਾ ਕਿ ਯਿਸੂ ਰੋਮੀ ਹਕੂਮਤ ਲਈ ਕੋਈ ਖ਼ਤਰਾ ਨਹੀਂ ਸੀ। ਯਿਸੂ ਉਹ ਖਾੜਕੂ ਬਾਦਸ਼ਾਹ ਨਹੀਂ ਸੀ ਜਿਸ ਦੀ ਉਡੀਕ ਯਹੂਦੀ ਲੋਕ ਕਰ ਰਹੇ ਸਨ, ਬਲਕਿ ਉਹ ਸਚਮੁਚ ਵਿਚ ਉਨ੍ਹਾਂ ਦਾ ਰੂਹਾਨੀ ਬਾਦਸ਼ਾਹ ਬਣਨ ਆਇਆ ਸੀ (2:2; 16:16; 25:34, 40; ਯੂਹੰਨਾ 1:49)।

**ਆਇਤ 12. ਤਦ ਪ੍ਰਧਾਨ ਯਾਜਕ ਅਰ ਬਜ਼ੁਰਗ ਉਸ ਉੱਤੇ ਦੋਸ਼ ਲਾਉਂਦੇ ਸਨ ਉਹ ਕੁਝ ਜਵਾਬ ਨਹੀਂ ਸੀ ਦਿੰਦਾ।** ਇਹ ਯਸਾਯਾਹ 53:7 ਦਾ ਪੂਰਾ ਹੋਣਾ ਸੀ (26:62, 63 ਤੇ ਟਿੱਪਣੀਆਂ ਵੇਖੋ)। ਲੂਕਾ 23:2 ਦੇ ਅਨੁਸਾਰ ਯਹੂਦੀ ਆਗੂਆਂ ਨੇ ਯਿਸੂ ਉੱਤੇ (1) ''[ਉਨ੍ਹਾਂ ਦੀ] ਕੌਮ ਨੂੰ ਭੁਲਾਉਂਦਿਆਂ,'' (2) ''ਕੈਸਰ ਨੂੰ ਮਾਮਲਾ ਦੇਣ ਤੋਂ ਮਨ੍ਹਾਂ ਕਰਦਿਆਂ,'' ਅਤੇ (3) ''ਆਪਣੇ ਆਪ ਨੂੰ ਮਸੀਹ ਬਾਦਸ਼ਾਹ ਕਹਿੰਦਿਆਂ'' ਸੁਣਨ ਦਾ ਇਲਜ਼ਾਮ ਲਾਇਆ ਸੀ।

**ਆਇਤਾਂ 13, 14. ਪਿਲਾਤੁਸ** ਨੇ ਯਿਸੂ ਨੂੰ ਆਪਣੇ ਇਲਜ਼ਾਮ ਲਾਉਣ ਵਾਲਿਆਂ ਨੂੰ ਜਵਾਬ ਦੇਣ ਲਈ ਉਕਸਾਉਨ ਦੀ ਕੋਸ਼ਿਸ਼ ਕੀਤੀ। ਉਸ ਨੇ ਆਖਿਆ, **''ਤੂੰ ਸੁਣਦਾ ਨਹੀਂ ਜੋ ਇਹ ਤੇਰੇ ਵਿਰੁੱਧ ਕਿੰਨੀਆਂ ਉਗਾਹੀਆਂ ਦਿੰਦੇ ਹਨ?''** ਆਮ ਤੌਰ ਤੇ ਮੁਲਜ਼ਮ ਹਰ ਇਲਜ਼ਾਮ ਤੋਂ ਜਿਹੜਾ ਉਸ ਦੇ ਖ਼ਿਲਾਫ਼ ਲਾਇਆ ਜਾਂਦਾ ਸੀ ਛੁਟ ਜਾਣ ਦੀ ਉਮੀਦ ਨਾਲ ਉਸ ਦਾ ਸਾਹਮਣਾ ਕਰਦੇ ਸਨ। ਯਿਸੂ ਨੇ ਦੁੱਖ ਅਤੇ ਮੌਤ ਦਾ ਪਿਆਲਾ ਪੀਣ ਦਾ ਇਰਾਦਾ ਕੀਤਾ ਹੋਇਆ ਸੀ ਜਿਸ ਕਰਕੇ ਉਹਦੇ ਲਈ ਆਪਣੇ ਆਪ ਨੂੰ ਛੁਡਾਉਣ ਦੀ ਕੋਸ਼ਿਸ਼ ਕਰਨ ਦੀ ਕੋਈ ਲੋੜ ਨਹੀਂ ਸੀ। ਪਿਲਾਤੁਸ ਨੇ **ਬਹੁਤ ਅਚਰਜ ਮੰਨਿਆ।** ਕਿ ਉਸ ਨੇ **ਇਕ ਗੱਲ ਦਾ ਵੀ ਜਵਾਬ** ਦੇਣ ਦੀ ਕੋਸ਼ਿਸ਼ ਨਹੀਂ ਕੀਤੀ।

ਲੂਕਾ ਨੇ ਜੋੜਿਆ ਹੈ ਕਿ ਪਿਲਾਤੁਸ ਨੇ ਇੱਥੇ ਯਿਸੂ ਨੂੰ ਗਲੀਲ ਦੇ ਚੌਥੇ ਹਿੱਸੇ ਦੇ ਹਾਕਮ ਹੇਰੋਦੇਸ ਕੋਲ ਪੁੱਛ ਗਿੱਛ ਵਾਸਤੇ ਭੇਜਿਆ ਜਿਹੜਾ ਪਸਾਹ ਦੇ ਤਿਉਹਾਰ ਤੇ ਯਰੂਸ਼ਲਮ ਵਿਚ ਆਇਆ ਹੋਇਆ ਸੀ (ਲੂਕਾ 23:6–12)। ਹੇਰੋਦੇਸ ਅਤੇ ਉਸ ਦੇ ਸਿਪਾਹੀਆਂ ਦੀ ਵਾਰੀ ਯਿਸੂ ਨੂੰ ਜ਼ਲੀਲ ਕਰਨ ਤੇ ਚੌਥੇ ਹਿੱਸੇ ਦੇ ਹਾਕਮ ਨੂੰ ਉਸ ਦੇ ਖ਼ਿਲਾਫ਼ ਅਧਿਕਾਰਿਕ ਇਲਜ਼ਾਮ ਨਹੀਂ ਮਿਲ ਸਕਿਆ। ਇਕ ਵਾਰ ਫੇਰ ਯਿਸੂ ਨੇ ਹੇਰੋਦੇਸ ਨੂੰ ਕੁਝ ਨਹੀਂ ਆਖਿਆ। ਉਸ ਰਾਜੇ ਸਾਹਮਣੇ ਜਿਸ ਨੇ ਯੂਹੰਨਾ ਬਪਤਿਸਮਾ ਦੇਣ ਵਾਲੇ ਦਾ ਸਿਰ ਕਲਮ ਕਰਵਾ ਦਿੱਤਾ ਸੀ, ਉਹ ਬਿਲਕੁਲ ਖਾਮੋਸ਼ ਰਿਹਾ ਸੀ। ਹੇਰੋਦੇਸ ਨੇ ਆਪਣਾ ਫੈਸਲਾ ਦਿੱਤੇ ਬਗੈਰ ਯਿਸੂ ਨੂੰ ਪਿਲਾਤੁਸ ਕੋਲ ਵਾਪਸ ਭੇਜ ਦਿੱਤਾ।

## ਰੋਮੀ ਪੇਸ਼ੀ, ਭਾਗ 2 (27:15-31)

ਯਿਸੂ ਤੋਂ ਪੁੱਛ ਗਿੱਛ ਕਰਨ ਦੇ ਬਾਅਦ ਪਿਲਾਤੁਸ ਨੇ ਯਹੂਦੀ ਆਗੂਆਂ ਨੂੰ ਦੱਸਿਆ ਕਿ ਉਸ ਨੂੰ ਉਸ ਵਿਚ ਮੌਤ ਦੀ ਸਜ਼ਾ ਦੇ ਯੋਗ ਕੋਈ ਕਾਰਣ ਨਹੀਂ ਮਿਲਿਆ (ਲੂਕਾ 23:13–15; ਯੂਹੰਨਾ 18:38)। ਫਿਰ ਉਸ ਨੇ ਫੈਸਲਾ ਲੋਕਾਂ ਦੇ ਹੱਥ ਵਿਚ ਦੇ ਦਿੱਤਾ।

**ਪਿਲਾਤੁਸ ਨੇ ਹੱਲ ਦੇਣ ਦੀ ਪੇਸ਼ਕਸ਼ ਕੀਤੀ** (27: 15-18)

[15]**ਅਤੇ ਹਾਕਮ ਦਾ ਇਹ ਦਸਤੂਰ ਸੀ ਜੋ ਉਸ ਤਿਉਹਾਰ ਨੂੰ ਲੋਕਾਂ ਦੀ ਖ਼ਾਤਰ ਇਕ ਕੈਦੀ ਜਿਹ ਨੂੰ ਉਹ ਚਾਹੁੰਦੇ ਸਨ ਛੱਡਦਾ ਹੁੰਦਾ ਸੀ।** [16]**ਅਰ ਉਸ ਵੇਲੇ ਉਨ੍ਹਾਂ ਦਾ ਬਰੱਬਾ ਕਰਕੇ ਇਕ ਨਾਮੀ ਕੈਦੀ ਸੀ।** [17]**ਸੋ ਜਾਂ ਉਹ ਇਕੱਠੇ ਹੋਏ ਤਾਂ ਪਿਲਾਤੁਸ ਨੇ ਉਨ੍ਹਾਂ ਨੂੰ ਆਖਿਆ, ਤੁਸੀਂ ਕਿਹ ਨੂੰ ਚਾਹੁੰਦੇ ਹੋ ਜੋ ਮੈਂ ਤੁਹਾਡੀ ਖ਼ਾਤਰ ਛੱਡ ਦਿਆਂ, ਬਰੱਬਾ ਨੂੰ ਯਾ ਯਿਸੂ ਨੂੰ ਜਿਹੜਾ ਮਸੀਹ ਕਹਾਉਂਦਾ ਹੈ?** [18]**ਕਿਉਂ ਜੋ ਉਹ ਜਾਣਦਾ ਸੀ ਜੋ ਉਨ੍ਹਾਂ ਉਸ ਨੂੰ ਖਾਰ ਦੇ ਮਾਰੇ ਹਵਾਲੇ ਕੀਤਾ ਸੀ**

**ਆਇਤ 15.** ਪਿਲਾਤੁਸ ਦਾ ਫੈਸਲਾ ਦੇਣ ਤੋਂ ਪਹਿਲਾਂ ਮੱਤੀ ਨੇ ਉਸ ਰੀਤ ਬਾਰੇ ਦੱਸਿਆ ਕਿ ਕਿਵੇਂ **ਹਾਕਮ** ਪਸਾਹ ਦੇ **ਤਿਉਹਾਰ** ਦੌਰਾਨ ਯਹੂਦੀਆਂ ਦੀ ਬੇਨਤੀ ਤੇ **ਇਕ ਕੈਦੀ** ਨੂੰ ਛੱਡ ਦਿੰਦਾ ਹੁੰਦਾ ਸੀ। ਨਵੇਂ ਨੇਮ ਤੋਂ ਬਾਹਰ ਹੋਣ ਵਾਲੀ ਇਸ ਘਟਨਾ ਦਾ ਕੋਈ ਸਪੱਸ਼ਟ ਰਿਕਾਰਡ ਤਾਂ ਨਹੀਂ ਹੈ ਪਰ ਮਿਸ਼ਨਾਹ ਦੇ ਇਕ ਹਵਾਲੇ ਵਿਚ ਇਸ ਦੀ ਗੱਲ ਹੋ ਸਕਦੀ ਹੈ। ਉਸ ਹਵਾਲੇ ਵਿਚ ਕਿਹਾ ਗਿਆ ਹੈ ਕਿ ਪਸਾਹ ਦਾ ਲੇਲਾ ''ਜਿਸ ਬੰਦੇ ਨੂੰ ਉਨ੍ਹਾਂ ਨੇ ਜੇਲ ਵਿੱਚੋਂ ਛੱਡਣ ਦਾ ਵਾਅਦਾ ਕੀਤਾ ਹੈ, ਉਸ ਦੇ ਵੱਲੋਂ ਕੱਟਿਆ ਜਾਵੇ।''[21] ਪਰ ਖ਼ਾਸ ਤਿਉਹਾਰਾਂ ਤੇ ਕੈਦੀਆਂ ਨੂੰ ਛੱਡਣ ਦੀ ਰੀਤ ਪੁਰਾਣੇ ਜ਼ਮਾਨੇ ਵਿਚ ਆਮ ਸੀ।[22]

**ਆਇਤ 16.** ਇਕ **ਕੈਦੀ** ਜਿਹੜਾ ਇਸ ਵਕਤ ਹਿਰਾਸਤ ਵਿਚ ਸੀ ਉਸ ਦਾ ਨਾਂਅ **ਬਰੱਬਾ** ਸੀ। ਉਸ ਦੇ ਨਾਂਅ ਦਾ ਅਰਥ ''ਅੱਬਾ ਦਾ ਪੁੱਤਰ'' (*bar-Abba*)[23] ਜਾਂ ''ਪਿਤਾ ਦਾ ਪੁੱਤਰ'' (*bar-abba*)[24] ਹੋ ਸਕਦਾ ਹੈ। ਕਈਆਂ ਨੇ ਤਾਂ ਇਹ ਵੀ ਮੰਨ ਲਿਆ ਹੈ ਕਿ ਇਸਦਾ ਮਤਲਬ ''ਗੁਰੂ ਦਾ ਪੁੱਤਰ'' (*bar rabban*) ਹੋ ਸਕਦਾ ਹੈ, ਪਰ ਪਰ ਇਹ ਗੱਲ ਨੂੰ ਖਿੱਚਣ ਵਾਲਾ ਲੱਗਦਾ ਹੈ। **ਨਾਮੀ** ਲਈ ਯੂਨਾਨੀ ਸ਼ਬਦ (*episemos*) ਦਾ ਮੂਲ ਅਰਥ ''ਨਿਸ਼ਾਨ ਲੱਗਾ'' ਜਾਂ ''ਮੋਹਰ ਲੱਗਾ'' ਹੈ। ਇਸ ਦਾ ਜਵਾਬ ਸਕਾਰਾਤਮਕ ''ਮਸ਼ਹੂਰ'' ਜਾਂ ''ਮਿਹਨਤੀ'' ਲਈ ਹੋ ਸਕਦਾ ਹੈ (ਰੋਮੀਆਂ 16:7)। ਇਸ ਦੀ ਨਕਾਰਾਤਮਕ ਅਰਥ ਵਿਚ ਵਰਤੋਂ ''ਬਦਨਾਮ'' ਲਈ ਵੀ ਹੋ ਸਕਦੀ ਹੈ। ਬਰੱਬਾ ਯਰੂਸ਼ਲਮ ਵਿਚ ਹੋਏ ਦੰਗੇ ਵਿਚ ਭਾਗ ਲੈਣ ਅਤੇ ਕਤਲ ਕਰਨ ਕਰਕੇ ਮਸ਼ਹੂਰ ਆਦਮੀ ਸੀ (ਮਰਕੁਸ 15:7; ਲੂਕਾ 23:19; ਯੂਹੰਨਾ 18:40)।

**ਆਇਤ 17. ਜਾਂ ਉਹ ਇਕੱਠੇ ਹੋਏ** *[ਸਨ]* **ਤਾਂ** ਹਾਕਮ ਨੇ ਉਨ੍ਹਾਂ ਤੋਂ ਪੁੱਛਿਆ, **ਤੁਸੀਂ ਕਿਹ ਨੂੰ ਚਾਹੁੰਦੇ ਹੋ ਜੋ ਮੈਂ ਤੁਹਾਡੀ ਖ਼ਾਤਰ ਛੱਡ ਦਿਆਂ, ਬਰੱਬਾ ਨੂੰ ਯਾ ਯਿਸੂ ਨੂੰ ਜਿਹੜਾ ਮਸੀਹ ਕਹਾਉਂਦਾ ਹੈ?** ਪਿਲਾਤੁਸ ਨੇ ਯਹੂਦੀਆਂ ਨੂੰ ਯਿਸੂ (ਸ਼ਾਂਤੀ ਪਸੰਦ, ਧਰਮੀ ਆਦਮੀ) ਅਤੇ ਬਰੱਬਾ (ਲੋਕਾਂ ਨੂੰ ਭੜਕਾਉਣ ਵਾਲੇ, ਕਾਤਲ ਅਤੇ ਲੁਟੇਰਾ) ਵਿੱਚੋਂ ਇਕ ਨੂੰ ਚੁਣਨ ਦਾ ਮੌਕਾ ਦਿੰਦਿਆਂ ਯਿਸੂ ਨੂੰ ਛੱਡ ਦੇਣ ਦੀ ਪੇਸ਼ਕਸ਼ ਕੀਤੀ।

ਕੁਝ ਪੁਰਾਤਨ ਹੱਥਲਿਖਤਾਂ ਵਿਚ ਇਸ ਆਦਮੀ ਨੂੰ ''ਯਿਸੂ ਬਰੱਬਾ'' ਆਖਿਆ ਗਿਆ ਹੈ ਜੋ ਇਸ ਫ਼ਰਕ ਨੂੰ ਬਹੁਤ ਵੱਧਾ ਦਿੰਦਾ ਹੈ (ਵੇਖੋ TEV; NEB; NRSV; CEV)। ਇਕ ਅਰਥ ਵਿਚ ਪਿਲਾਤੁਸ ਕਹਿ ਰਿਹਾ ਸੀ, ''ਤੁਹਾਨੂੰ ਕਿਹੜਾ ਯਿਸੂ ('ਮੁਕਤੀ ਦਾਤਾ') ਚਾਹੀਦਾ ਹੈ? ਯਿਸੂ ਬਰੱਬਾ ਜਾਂ ਯਿਸੂ ਮਸੀਹ?'' ਆਰ. ਟੀ. ਫ੍ਰਾਂਸ ਨੇ ਤਰਕ ਦਿੱਤਾ ਹੈ ਕਿ ''ਮਸੀਹੀ ਲੇਖਕਾਂ ਲਈ ਬਰੱਬਾ ਲਈ ਯਿਸੂ *ਨਾਮ* ਜੋੜਨ ਦੀ ਕਲਪਨਾ ਕਰਨਾ ਜੇ ਲਿਖਤ ਵਿੱਚੋਂ ਪਹਿਲਾਂ ਤੋਂ ਨਹੀਂ ਸੀ, ਬਹੁਤ ਮੁਸ਼ਕਿਲ ਹੈ। ਉਨ੍ਹਾਂ ਦੇ ਇਸ ਗੱਲ ਨੂੰ ਦਬਾਉਣ ਨੂੰ ਸਮਝਣਾ ਬਹੁਤ ਅਸਾਨ ਹੈ ... ਖ਼ਾਸਕਰ ਜਦ ਇੰਜੀਲ ਦੇ ਕਿਸੇ ਵਿਰਤਾਂਤ ਵਿਚ ਉਸ ਤੋਂ ਪਹਿਲਾਂ ਕੋਈ ਜ਼ਿਕਰ ਨਹੀਂ ਹੈ।''[25] ਬਰੂਚ ਐਮ. ਮੈਜ਼ਗਰ ਨੇ ਸੁਝਾਅ ਦਿੱਤਾ ਹੈ ਕਿ ਮਸੀਹ ਲਈ ਸਨਮਾਨ ਦੇ ਕਾਰਣ ਬਰੱਬਾ ਦੇ ਨਾਂਅ ਤੋਂ ''ਯਿਸੂ'' ਹਟਾ ਦਿੱਤਾ ਗਿਆ ਸੀ।[26]

**ਆਇਤ 18.** ਪਿਲਾਤੁਸ ਨੂੰ ਯਕੀਨ ਨਹੀਂ ਸੀ ਕਿ ਯਿਸੂ ਕਿਸੇ ਜੁਰਮ ਦਾ ਦੋਸ਼ੀ ਹੈ। ਉਸ ਨੇ ਸਮਝ ਲਿਆ ਸੀ ਕਿ ਯਹੂਦੀ ਆਗੂ ਯਿਸੂ ਨੂੰ **ਖਾਰ ਦੇ ਮਾਰੇ** ਫੜ ਲਿਆਏ ਸਨ।[27] ਪਿਲਾਤੁਸ ਦੀ ਇੱਛਾ ਉਸ ਨੂੰ ਛੱਡ ਦੇਣ ਦੀ ਸੀ (ਲੂਕਾ 23:20)। ਜ਼ਾਹਿਰ ਹੈ ਕਿ ਉਸ ਨੇ ਸੋਚਿਆ ਕਿ ਯਿਸੂ ਅਤੇ ਬਰੱਬਾ ਵਿਚਕਾਰ ਪਸੰਦ ਹੋਣ ਤੇ ਲੋਕ ਯਿਸੂ ਨੂੰ ਛੱਡ ਦੇਣ ਨੂੰ ਚੁਣਨਗੇ। ਇਹ ਪਸੰਦ ਦੇ ਕੇ ਪਿਲਾਤੁਸ ਸ਼ਾਂਤੀ ਬਣਾਈ ਰੱਖ ਕੇ ਇਸ ਮਾਮਲੇ ਵਿਚ ਕਿਸੇ ਵੀ ਤਰ੍ਹਾਂ ਦੀ ਜ਼ਿੰਮੇਵਾਰੀ ਤੋਂ ਆਪਣੇ ਆਪ ਨੂੰ ਬਰੀ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ।

## ਭੀੜ ਦੀ ਪੁਕਾਰ (27:19-23)

**[19]ਜਦ ਉਹ ਅਦਾਲਤ ਦੀ ਗੱਦੀ ਉੱਤੇ ਬੈਠਾ ਹੋਇਆ ਸੀ ਉਹ ਦੀ ਪਤਨੀ ਨੇ ਉਹ ਨੂੰ ਅਖਵਾ ਭੇਜਿਆ ਜੋ ਤੂੰ ਉਸ ਧਰਮੀ ਨਾਲ ਕੁਝ ਵਾਸਤਾ ਨਾ ਰੱਖ ਕਿਉਂ ਜੋ ਮੈਂ ਅੱਜ ਸੁਫਨੇ ਵਿਚ ਉਸ ਦੇ ਕਾਰਣ ਵੱਡਾ ਦੁੱਖ ਡਿੱਠਾ। [20]ਪਰ ਪ੍ਰਧਾਨ ਯਾਜਕਾਂ ਅਤੇ ਬਜ਼ੁਰਗਾਂ ਨੇ ਲੋਕਾਂ ਨੂੰ ਉਭਾਰਿਆ ਜੋ ਬਰੱਬਾ ਨੂੰ ਮੰਗੋ ਅਤੇ ਯਿਸੂ ਦਾ ਨਾਸ ਕਰੋ। [21]ਫੇਰ ਹਾਕਮ ਨੇ ਅੱਗੋਂ ਉਨ੍ਹਾਂ ਨੂੰ ਆਖਿਆ, ਤੁਸੀਂ ਦੋਹਾਂ ਵਿੱਚੋਂ ਕਿਹ ਨੂੰ ਚਾਹੁੰਦੇ ਹੋ ਜੋ ਮੈਂ ਤੁਹਾਡੀ ਖ਼ਾਤਰ ਛੱਡ ਦਿਆਂ? ਉਹ ਬੋਲੇ, ਬਰੱਬਾ ਨੂੰ! [22]ਪਿਲਾਤੁਸ ਨੇ ਉਨ੍ਹਾਂ ਨੂੰ ਕਿਹਾ, ਫੇਰ ਯਿਸੂ ਨੂੰ ਜਿਹੜਾ ਮਸੀਹ ਕਹਾਉਂਦਾ ਹੈ ਮੈਂ ਕੀ ਕਰਾਂ? ਉਹ ਸਭ ਬੋਲੇ, ਸਲੀਬ ਦਿਓ! [23]ਪਰ ਉਸ ਨੇ ਆਖਿਆ, ਉਹ ਨੇ ਕੀ ਬੁਰਿਆਈ ਕੀਤੀ ਹੈ? ਪਰ ਉਨ੍ਹਾਂ ਨੇ ਹੋਰ ਵੀ ਡੰਡ ਪਾ ਕੇ ਆਖਿਆ, ਇਹ ਨੂੰ ਸਲੀਬ ਦਿਓ!**

**ਆਇਤ 19.** ਭੀੜ ਨਾਲ ਗੱਲ ਕਰਨ ਵੇਲੇ ਪਿਲਾਤੁਸ **ਅਦਾਲਤ ਦੀ ਗੱਦੀ** (*bema*) **ਉੱਤੇ ਬੈਠਾ ਹੋਇਆ ਸੀ।** ਇਹ ''ਖੁੱਲ੍ਹੇ ਅਸਮਾਨ ਵਿਚ ਲੱਗੀ ਸਰਕਾਰੀ ਅਦਾਲਤ ਸੀ (ਤੁਲਨਾ ਰਸੂਲਾਂ ਦੇ ਕੰਮ 18:12, 16–17, 25:17)।''[28] ਪਿਲਾਤੁਸ ਜਦ ਜੱਜ ਦਾ ਕੰਮ ਕਰ ਰਿਹਾ ਸੀ **''ਤਾਂ ਉਹ ਦੀ ਪਤਨੀ ਨੇ ਉਹ ਨੂੰ ਅਖਵਾ ਭੇਜਿਆ ਜੋ ਤੂੰ ਉਸ ਧਰਮੀ ਨਾਲ ਕੁਝ ਵਾਸਤਾ ਨਾ ਰੱਖ ਕਿਉਂ ਜੋ ਮੈਂ ਅੱਜ ਸੁਫਨੇ ਵਿਚ ਉਸ ਦੇ ਕਾਰਣ ਵੱਡਾ ਦੁੱਖ ਡਿੱਠਾ।''**

ਇਹ ਸਾਫ਼ ਨਹੀਂ ਹੈ ਕਿ ''ਧਰਮੀ'' ਸ਼ਬਦ ਤੋਂ ਉਸ ਦੀ ਪਤਨੀ ਦਾ ਕੀ ਭਾਵ ਸੀ। ''ਧਰਮੀ'' ਲਈ ਯੂਨਾਨੀ ਸ਼ਬਦ (*dikaios*) ਦਾ ਅਨੁਵਾਦ ''ਬੇਕਸੂਰ'' ਵੀ ਹੋ ਸਕਦਾ ਹੈ (NIV; NRSV; NLT)।[29] ਸ਼ਾਇਦ ਉਸ ਦੇ ਕਹਿਣ ਦਾ ਮਤਲਬ ਐਨਾਂ ਹੀ ਸੀ ਕਿ ਯਿਸੂ ਉੱਤੇ ਕਿਸੇ ਜੁਰਮ ਦਾ ਇਲਜ਼ਾਮ ਨਹੀਂ ਸੀ, ਜਿਸ ਕਰਕੇ ਉਸ ਨੂੰ ਸ਼ਜਾ ਨਹੀਂ ਦਿੱਤੀ ਜਾਣੀ ਚਾਹੀਦੀ ਸੀ। ਪਰ ਮਸੀਹ ਤੇ ਲਾਉਣ ਵਾਲੇ *dikaios* ਦਾ ਅਰਥ ਡੂੰਘਾ ਹੋ ਸਕਦਾ ਹੈ। ਨਵੇਂ ਨੇਮ ਦੀਆਂ ਅਗਲੀਆਂ ਕਿਤਾਬਾਂ ਵਿਚ ਉਸ ਦੇ ਪਾਪ ਰਹਿਤ ਸੁਭਾਅ ਨੂੰ ਵਿਖਾਉਣ ਲਈ ਇਸੇ ਦੀ ਵਰਤੋਂ ਕੀਤੀ ਗਈ ਹੈ। ਅਸਲ ਵਿਚ ''ਧਰਮੀ'' ਮਸੀਹਾ ਦੇ ਰੁੱਤਬੇ ਲਈ ਮਿਲਦਾ ਸ਼ਬਦ ਹੈ (ਰਸੂਲਾਂ ਦੇ ਕੰਮ 3:14; 7:52; 1 ਯੂਹੰਨਾ 2:1)।

ਮੱਤੀ ਇਸ ਸੁਫ਼ਨੇ ਦੇ ਆਉਣ ਨੂੰ ਜਿਸ ਨੇ ਪਿਲਾਤੁਸ ਦੀ ਪਤਨੀ ਨੂੰ ਬਹੁਤ ਪਰੇਸ਼ਾਨ ਕਰ ਦਿੱਤਾ ਸੀ, ਇਸ ਦੇ ਨਾਲ ਨਹੀਂ ਮਿਲਾਉਂਦਾ। ਹੋ ਸਕਦਾ ਹੈ ਕਿ ਇਹ ਖ਼ੁਦਾ ਵੱਲੋਂ ਹੋਵੇ, ਜਿਵੇਂ ਮੱਤੀ ਦੇ ਸ਼ੁਰੂਆਤੀ ਅਧਿਆਇਆਂ ਵਿਚ ਯੂਸੁਫ਼ ਨੂੰ ਸੁਫ਼ਨੇ ਵਿਖਾਏ ਸਨ (1:20; 2:12, 13, 19, 22)। CEV ਵਿਚ ਉਸ ਦੀ ਗੱਲ ਨੂੰ ਇਸ ਤਰ੍ਹਾਂ ਨਾਲ ਅਨੁਵਾਦ ਕੀਤਾ ਗਿਆ ਹੈ, ''ਉਸ ਦੇ ਕਾਰਣ ਮੇਰੀ ਰਾਤਾਂ ਦੀ ਨੀਂਦ ਜਾਂਦੀ ਰਹੀ ਹੈ।'' ਉਸ ਨੂੰ ਸੁਫ਼ਨੇ ਰਾਤ ਨੂੰ ਆਏ ਸਨ (''ਪਿਛਲੀ ਰਾਤ''; NASB) ਜਾਂ ਉਸ ਸਵੇਰ ਨੂੰ (''ਅੱਜ''; NIV)। ਉਸ ਨੂੰ ਆਪਣੇ ਪਤੀ ਨੂੰ ਦੱਸਣ ਦਾ ਮੌਕਾ ਨਹੀਂ ਮਿਲਿਆ ਸੀ।

ਰਵਾਇਤ ਮੁਤਾਬਿਕ ਪਿਲਾਤੁਸ ਦੀ ਪਤਨੀ ਦੇ ਨਾਂਅ ''ਪਰੋਕਲਾ,'' ''ਪਰੋਕੁਲਾ'' ਜਾਂ ''ਕਲੌਦੀਆ ਪਰੋਕੁਲਾ'' ਸੀ। ਇਸ ਦਾਅਵੇ ਸਣੇ ਕਿ ਉਹ ਯਿਸੂ ਦੇ ਸਲੀਬ ਦਿੱਤੇ ਜਾਣ ਦੇ ਬਾਅਦ ਮਸੀਹੀ ਧਰਮ ਵਿਚ ਆ ਗਈ ਸੀ, ਇਸ ਔਰਤ ਦੀਆਂ ਬਹੁਤ ਸਾਰੀਆਂ ਕਹਾਣੀਆਂ ਹਨ। ਕੌਪਟਿਕ ਚਰਚ ਉਸ ਦੀ ਯਾਦ ਮਨਾਉਂਦਾ ਹੈ ਅਤੇ ਗ੍ਰੀਕ ਆਰਥੋਡੌਕਸ ਚਰਚ ਨੇ ਆਪਣੇ ਸੰਤਾਂ ਵਿਚ ਉਸ ਦਾ ਨਾਂਅ ਰੱਖਿਆ ਹੈ। ਜੋ ਕੁਝ ਮੱਤੀ ਵਿਚ ਲਿਖਿਆ ਹੈ ਉਸ ਦੇ ਬਾਹਰ ਉਸ ਬਾਰੇ ਬਹੁਤ ਘੱਟ ਪਤਾ ਲੱਗਦਾ ਹੈ।

**ਆਇਤ 20.** ਜ਼ਾਹਿਰ ਹੈ ਕਿ ਮੁਕਦਮੇ ਦੀ ਕਾਰਵਾਈ ਥੋੜ੍ਹੀ ਦੇਰ ਲਈ ਰੁੱਕ ਜਾਣ ਤੇ ਯਹੂਦੀ ਆਗੂਆਂ ਨੇ **ਲੋਕਾਂ ਨੂੰ ਉਭਾਰਿਆ** ਕਿ **ਬਰੱਬਾ** ਨੂੰ ਛੱਡ ਦਿੱਤਾ ਜਾਵੇ ਅਤੇ **ਯਿਸੂ** ਨੂੰ ਮੌਤ ਦੀ ਸਜ਼ਾ ਦਿੱਤੀ ਜਾਵੇ। ਭੀੜ ਵਿਚ ਕੁਝ ਲੋਕ ਗਲੀਲੀ ਯਹੂਦੀ ਹੋਣਗੇ ਜਿਨ੍ਹਾਂ ਨੇ ਪਹਿਲਾਂ ਹੀ ਯਰੂਸ਼ਲਮ ਵਿਚ ਦਾਖ਼ਲੇ ਵੇਲੇ ਯਿਸੂ ਦੀ ਤਾਰੀਫ਼ ''ਦਾਊਦ ਦਾ ਪੁੱਤਰ'' ਆਖ ਕੇ ਕੀਤੀ ਸੀ। ਪਰ ਬਹੁਤ ਸਾਰੇ ਲੋਕ ਯਰੂਸ਼ਲਮ ਦੇ ਹੀ ਹੋਣਗੇ ਅਤੇ ਉਨ੍ਹਾਂ ਦਾ ਯਿਸੂ ਨਾਲ ਪੱਕਾ ਰਿਸ਼ਤਾ ਨਹੀਂ ਹੋਵੇਗਾ (21:9–11 ਤੇ ਟਿੱਪਣੀਆਂ ਵੇਖੋ)।

**ਆਇਤ 21.** ਆਪਣੀ ਪਤਨੀ ਦੀ ਗੱਲ ਤੋਂ ਉਸ ਦੇ ਅੰਤਹਕਰਣ ਨੂੰ ਝੰਝੋੜਨ ਦੇ ਪਿਲਾਤੁਸ ਆਪਣੇ ਸਵਾਲ ਤੇ ਵਾਪਸ ਆਇਆ ਕਿ ਕਿਸ ਕੈਦੀ ਨੂੰ **ਛੱਡ ਦਿਆਂ।** ਬਰੱਬਾ ਨੂੰ ਜਾਂ ਫਿਰ ਯਿਸੂ ਨੂੰ। ਜ਼ਾਹਿਰ ਹੈ ਕਿ ਉਸ ਨੂੰ ਲੱਗਾ ਕਿ ਦੋਹਾਂ ਵਿੱਚੋਂ ਇਕ ਨੂੰ ਚੁਣਨ ਦੀ ਪਸੰਦ ਦਿੱਤੇ ਜਾਣ ਤੇ ਲੋਕ ਯਿਸੂ ਨੂੰ ਹੀ ਚੁਣਨਗੇ। ਬੇਸ਼ੱਕ ਉਨ੍ਹਾਂ ਦਾ ਜਵਾਬ ''ਬਰੱਬਾ ਨੂੰ'' ਸੁਣ ਕੇ ਉਹ ਹੱਕਾ ਬੱਕਾ ਰਹਿ ਗਿਆ।

ਬਰੱਬਾ ਇਕ ਬਦਨਾਮ ਬਾਗੀ ਸੀ (27:16; ਮਰਕੁਸ 15:7; ਲੂਕਾ 23:19; ਯੂਹੰਨਾ 18:40)। ਕੁਝ ਯਹੂਦੀ ਭਾਵੇਂ ਬਰੱਬਾ ਤੋਂ ਨਫ਼ਰਤ ਕਰਦੇ ਹੋਣ ਅਤੇ ਉਸ ਤੋਂ ਡਰਦੇ ਵੀ ਹੋਣ ਪਰ ਹੋਰਨਾਂ ਲਈ ਉਹ ਇਕ ਆਦਰਸ਼ ਹੋ ਸਕਦਾ ਸੀ। ਅਜਿਹੇ ਲੋਕ ਆਮ ਤੌਰ ਤੇ ਆਮ ਲੋਕਾਂ ਵਿਚ ਮਸ਼ਹੂਰ ਹੁੰਦੇ ਸਨ ਕਿਉਂ ਜੋ ਉਹ ਅਮੀਰ ਯਹੂਦੀਆਂ ਤੋਂ ਲੁੱਟ ਕੇ ਰੋਮੀ ਸਰਕਾਰ ਲਈ ਪਰੇਸ਼ਾਨੀ ਪੈਦਾ ਕਰਦੇ ਸਨ। ਯਿਸੂ ਦੇ ਉਲਟ ਉਨ੍ਹਾਂ ਨੇ ਬਰੱਬਾ ਨੂੰ ਇਸ ਕਰਕੇ ਪਸੰਦ ਕੀਤਾ ਹੋਵੇਗਾ ਕਿਉਂਕਿ ਉਹ ਰੋਮੀਆਂ ਦੇ ਖ਼ਿਲਾਫ਼ ਲੜਨ ਲਈ ਤਿਆਰ ਸੀ। ਇਸ ਦੇ ਉਲਟ ਯਿਸੂ ਨੇ ਸਾਫ਼ ਕਰ ਦਿੱਤਾ ਸੀ ਕਿ ਸਿਆਸੀ ਸੱਤਾ ਨੂੰ ਜੜ੍ਹੋਂ ਪੁੱਟਣ ਲਈ ਫੌਜ ਖੜੀ ਕਰਨ ਦਾ ਉਸ ਦਾ ਕੋਈ ਇਰਾਦਾ ਨਹੀਂ ਸੀ।[30] ਬਰੱਬਾ ਨੂੰ ''ਰੋਬਿਨ ਹੁਡ ਕਿਸਮ ਦਾ ਲੋਕ ਨਾਇਕ'' ਦੱਸਿਆ ਗਿਆ ਹੈ।[31]

ਯਹੂਦੀ ਆਗੂਆਂ ਨੇ ਬਰੱਬਾ ਦੀ ਹਮਾਇਤ ਨਹੀਂ ਕਰਨੀ ਸੀ ਕਿਉਂਕਿ ਉਨ੍ਹਾਂ ਵਿੱਚੋਂ ਜ਼ਿਆਦਾਤਰ ਹਾਲਾਤ ਨੂੰ ਜੀਉਂ ਦਾ ਤਿਉਂ ਰਹਿਣ ਦੇਣ ਦੇ ਹੱਕ ਵਿਚ ਸਨ। ਆਖ਼ਰ ਰੋਮੀ ਸਰਕਾਰ ਦਾ ਤਖ਼ਤਾ ਪਲਟਣ ਦੀ ਕੋਸ਼ਿਸ਼ ਨਾਲ ਇਖ਼ਤਿਆਰ ਦੇ ਉਨ੍ਹਾਂ ਦੇ ਅਹੁਦੇ ਵੀ ਤਾਂ ਜਾ ਸਕਦੇ ਸਨ (ਵੇਖੋ ਯੂਹੰਨਾ 11:47–53)। ਤਾਂ ਵੀ ਇਹ ਯਹੂਦੀ ਆਗੂ ਯਿਸੂ ਨੂੰ ਖ਼ਤਮ ਕਰਨ ਲਈ ਲੋਕਾਂ ਦੀ ਕੌਮੀ ਭਾਵਨਾ ਅਤੇ ਬਰੱਬਾ ਦੇ ਉਨ੍ਹਾਂ ਦੀ ਤਾਰੀਫ਼ ਦੀ ਵਰਤੋਂ ਕਰਨ ਨੂੰ ਤਿਆਰ ਸਨ। ਇਨ੍ਹਾਂ ਆਗੂਆਂ ਦੇ ਮਨਾਂ ਵਿਚ ਬਰੱਬਾ ਨੂੰ ਛੁਡਾਉਣਾ ਦੋਹਾਂ ਵਿੱਚੋਂ ਘੱਟ ਬੁਰਿਆਈ ਸੀ।

**ਆਇਤ 22.** ਫਿਰ **ਪਿਲਾਤੁਸ** ਨੇ ਭੀੜ ਤੋਂ ਪੁੱਛਿਆ, **''ਫਿਰ ਯਿਸੂ ਨੂੰ ਜਿਹੜਾ ਮਸੀਹ ਕਹਾਉਂਦਾ ਹੈ ਮੈਂ ਕੀ ਕਰਾਂ?''** ''ਮਸੀਹ'' ਸ਼ਬਦ ਦੀ ਵਰਤੋਂ ਉਸ ਨੇ ਯਿਸੂ ਬਰੱਬਾ ਤੋਂ ਅੱਡ ਕਰਨ ਲਈ ਕੀਤੀ ਹੋਵੇਗੀ (27:17 ਤੇ ਟਿੱਪਣੀਆਂ ਵੇਖੋ)। ਇਕ ਹੋਰ ਸੰਭਾਵਨਾ ਹੈ ਕਿ ਉਹ ਲੋਕਾਂ ਦੇ ਯਿਸੂ ਬਾਰੇ ਪਿਛਲੇ ਅੰਦਾਜ਼ੇ ਨੂੰ ਯਾਦ ਕਰਵਾਉਣਾ ਚਾਹੁੰਦਾ ਸੀ। ਉਨ੍ਹਾਂ ਵਿੱਚੋਂ ਕਈਆਂ ਨੇ ਉਸ ਨੂੰ (''ਯਹੂਦੀਆਂ ਦਾ ਰਾਜਾ''; ਮਰਕੁਸ 15:12), ਹੋਣਾ ਮੰਨ ਲਿਆ ਸੀ, ਪਰ ਹੁਣ ਉਹ ਉਸ ਦੀ ਥਾਂ ਇਕ ਮੁਜਰਮ ਨੂੰ ਛੁਡਾਉਣਾ ਚਾਹ ਰਹੇ ਸਨ।

ਬਿਨਾਂ ਕਿਸੇ ਝਿਜਕ ਦੇ, **ਉਹ ਸਭ ਬੋਲੇ, ਸਲੀਬ ਦਿਓ।** ਯਿਸੂ ਨੂੰ ਮੌਤ ਦੀ ਸਜ਼ਾ ਦੇਣ ਦੀ ਗੱਲ

ਕਹਿਣ ਵਿਚ ਉਨ੍ਹਾਂ ਸਾਰਿਆਂ ਦਾ ਇੱਕੋ ਫੈਸਲਾ ਸੀ। ਮੌਤ ਦੀ ਸਜ਼ਾ ਦਾ ਜ਼ਾਲਿਮ ਰੂਪ ਜਿਸ ਦੀ ਵਰਤੋਂ ਕੀਤੀ ਜਾਣ ਵਾਲੀ ਸੀ ਆਮ ਤੌਰ ਤੇ ਮੁਜਰਮਾਂ ਅਤੇ ਗੁਲਾਮਾਂ ਲਈ ਹੀ ਵਰਤਿਆ ਜਾਂਦਾ ਸੀ। ਇਹ ਸਰਾਪੇ ਹੋਏ ਲੋਕਾਂ ਨੂੰ ਦਿੱਤੀ ਜਾਣ ਵਾਲੀ ਮੌਤ ਸੀ (ਵਿਵਸਥਾਸਾਰ 21:23; ਗਲਾਤੀਆਂ 3:13)।

**ਆਇਤ 23.** ਪਿਲਾਤੁਸ ਨੇ ਇਹ ਪੁੱਛਦਿਆਂ ਜਵਾਬ ਦਿੱਤਾ, **''ਉਹ ਨੇ ਕੀ ਬੁਰਿਆਈ ਕੀਤੀ ਹੈ?''** ਉਸ ਨੇ ਯਿਸੂ ਤੋਂ ਸਵਾਲ ਜਵਾਬ ਕੀਤੇ ਸਨ ਅਤੇ ਉਸ ਨੇ ਕਿਸੇ ਵੀ ਜੁਰਮ ਤੋਂ ਉਸ ਨੂੰ ਬੇਕਸੂਰ ਪਾਇਆ ਸੀ (ਲੂਕਾ 23:4, 14)। ਇਸ ਤੋਂ ਇਲਾਵਾ ਉਸਦੀ ਪਤਨੀ ਨੇ ਯਿਸੂ ਨਾਲ ਉਸ ਨੂੰ ਕੁਝ ਵੀ ਨਾ ਕਰਨ ਦੀ ਸਲਾਹ ਦਿੱਤੀ ਸੀ ਕਿਉਂ ਜੋ ਉਹ ''ਧਰਮੀ'' ਸੀ (27:19)।

ਭੀੜ ਨੇ ਪਿਲਾਤੁਸ ਦੇ ਸਵਾਲ ਵੱਲ ਗੌਰ ਨਹੀਂ ਕੀਤਾ। **''ਉਨ੍ਹਾਂ ਨੇ ਹੋਰ ਵੀ ਡੰਡ ਪਾ ਕੇ ਆਖਿਆ, ਇਹ ਨੂੰ ਸਲੀਬ ਦਿਓ!''** ਇਕ ਵਾਰ ਫੇਰ ਉਹ ਯਹੂਦੀ ਆਗੂਆਂ ਦੇ ਝਾਂਸੇ ਵਿਚ ਆ ਗਏ ਸਨ, ਉਨ੍ਹਾਂ ਨੇ ਰੋਮੀ ਹਾਕਮ ਨੂੰ ਉਨ੍ਹਾਂ ਦੇ ਮਨ ਨਹੀਂ ਬਦਲਣ ਦਿੱਤੇ।

### ਪਿਲਾਤੁਸ ਦਾ ਲੋਕਾਂ ਅੱਗੇ ਝੁਕਣਾ (27:24-26)

**24ਜਦ ਪਿਲਾਤੁਸ ਨੇ ਵੇਖਿਆ ਜੋ ਕੁਝ ਨਹੀਂ ਬਣਦਾ ਸਗੋਂ ਹੋਰ ਵੀ ਰੌਲਾ ਪੈਂਦਾ ਜਾਂਦਾ ਹੈ ਤਦ ਉਹ ਨੇ ਪਾਣੀ ਲੈ ਕੇ ਲੋਕਾਂ ਦੇ ਸਾਹਮਣੇ ਆਪਣੇ ਹੱਥ ਧੋਤੇ ਅਤੇ ਕਿਹਾ, ਮੈਂ, ਇਸ ਦੇ ਲਹੂ ਤੋਂ ਨਿਰਦੋਸ਼ ਹਾਂ। ਤੁਸੀਂ ਜਾਣੋ 25ਅਤੇ ਸਾਰੇ ਲੋਕਾਂ ਨੇ ਉੱਤਰ ਦਿੱਤਾ, ਉਹ ਦਾ ਲਹੂ ਸਾਡੇ ਉੱਤੇ ਅਰ ਸਾਡੀ ਉਲਾਦ ਉੱਤੇ ਹੋਵੇ! 26ਤਦ ਉਸ ਨੇ ਬਰੱਬਾ ਨੂੰ ਉਨ੍ਹਾਂ ਦੀ ਖ਼ਾਤਰ ਛੱਡ ਦਿੱਤਾ ਪਰ ਯਿਸੂ ਨੂੰ ਕੋਰੜੇ ਮਾਰ ਕੇ ਸਲੀਬ ਉੱਤੇ ਚੜ੍ਹਾਉਣ ਲਈ ਹਵਾਲੇ ਕੀਤਾ।**

**ਆਇਤ 24.** ਪਿਲਾਤੁਸ ਨੂੰ ਸਮਝ ਆ ਗਈ ਸੀ ਕਿ ਉਹ ਭੀੜ ਅੱਗੇ ਕਿਤੇ ਟਿਕਣ ਵਾਲਾ ਨਹੀਂ ਹੈ ਕਿਉਂਕਿ ਇਸਦੇ ਉਲਟ **ਹੋਰ ਵੀ ਰੌਲਾ ਪੈਂਦਾ ਜਾਂਦਾ ਹੈ।** ਉਸ ਨੇ ਆਮ ਤੌਰ ਤੇ ਆਪਣੀਆਂ ਨੀਤੀਆਂ ਕਰਕੇ ਯਹੂਦੀਆਂ ਵਿਚ ਬਗਾਵਤ ਅਤੇ ਫ਼ਸਾਦ ਹੁੰਦੇ ਵੇਖੇ ਸਨ (27:2 ਤੇ ਟਿੱਪਣੀਆਂ ਵੇਖੋ)। ਜ਼ਾਹਿਰ ਤੌਰ ਤੇ ਆਪਣੇ ਕਾਰਜਕਾਲ ਦੇ ਇਸ ਚਰਣ ਵਿਚ ਉਹ ਕਿਸੇ ਬੇਲੋੜੇ ਝਗੜੇ ਤੋਂ ਬਚਣਾ ਚਾਹੁੰਦਾ ਸੀ। ਜਿਸ ਨਾਲ ਲੀਡਰਸ਼ਿਪ ਦੀ ਉਸ ਦੀ ਸਥਿਤੀ ਗੜਬੜਾ ਸਕਦੀ ਸੀ। ਰੋਮ ਵੱਲੋਂ ਠਹਿਰਾਏ ਹੋਣ ਕਰਕੇ ਕਾਨੂੰਨ ਵਿਵਸਥਾ ਬਣਾਈ ਰੱਖਣਾ ਉਸ ਦੀ ਜ਼ਿੰਮੇਵਾਰੀ ਸੀ। ਇਸ ਕਰਕੇ ਉਸ ਨੇ ਉਹੀ ਕੀਤਾ ਜੋ ਸਿਆਸੀ ਤੌਰ ਤੇ ਸਹੀ ਸੀ। ਉਸ ਨੇ ਆਪਣੇ ਆਪ ਨੂੰ ਕਿਸੇ ਵੀ ਸਰਕਾਰੀ ਫ਼ਰਜ਼ ਤੋਂ ਮੁਕਤ ਕਰਨ ਦੀ ਕੋਸ਼ਿਸ਼ ਕਰਦਿਆਂ ਭੀੜ ਦੀ ਮਰਜ਼ੀ ਪੂਰੀ ਕਰ ਦਿੱਤੀ।

**ਉਹ ਨੇ ਪਾਣੀ ਲੈ ਕੇ ਲੋਕਾਂ ਦੇ ਸਾਹਮਣੇ ਆਪਣੇ ਹੱਥ ਧੋਤੇ ਅਤੇ ਕਿਹਾ, ਮੈਂ, ਇਸ ਦੇ ਲਹੂ ਤੋਂ ਨਿਰਦੋਸ਼ ਹਾਂ। ਤੁਸੀਂ ਜਾਣੋ।** ਲੋਕਾਂ ਦੇ ਸਾਹਮਣੇ ਹੱਥ ਧੋਣਾ ਬੇਕਸੂਰ ਹੋਣ ਦਾ ਐਲਾਨ ਕਰਨ ਦੀ ਇਕ ਪੁਰਾਣੀ ਰੀਤ ਸੀ (ਵਿਵਸਥਾਸਾਰ 21:6–9; ਅੱਯੂਬ 9:30; ਜ਼ਬੂਰ 26:6; 73:13; ਯਿਰਮਿਯਾਹ 2:22)। ਭੀੜ ਨੂੰ ''ਤੁਸੀਂ ਜਾਣੋ'' ਆਖ ਕੇ ਪਿਲਾਤੁਸ ਯਿਸੂ ਦੀ ਮੌਤ ਦੀ ਜਵਾਬਦੇਹੀ ਯਹੂਦੀਆਂ ਉੱਤੇ ਪਾ ਰਿਹਾ ਸੀ। ਅਧਿਆਇ ਵਿਚ ਪਹਿਲਾਂ ਯਹੂਦੀ ਆਗੂਆਂ ਨੇ ਯਹੂਦਾ ਨੂੰ ਦਿੱਤੇ ਆਪਣੇ ਜਵਾਬ ਵਿਚ ਇਸੇ ਭਾਸ਼ਾ ਦੀ ਵਰਤੋਂ ਕੀਤੀ ਸੀ (27:4)।

**ਆਇਤ 25. ਲੋਕਾਂ** ਤੇ ਪਿਲਾਤੁਸ ਦੇ ਇਸ਼ਾਰੇ ਦਾ ਕੋਈ ਅਸਰ ਨਹੀਂ ਹੋਇਆ ਅਤੇ ਉਹ ਦੰਡ ਪਾਉਣ ਲੱਗੇ, **''ਉਹ ਦਾ ਲਹੂ ਸਾਡੇ ਉੱਤੇ ਅਰ ਸਾਡੀ ਉਲਾਦ ਉੱਤੇ ਹੋਵੇ!''**[32] *ਇਸ ਜ਼ਿੰਦਗੀ ਵਿਚ* ਬੱਚਿਆਂ ਦੇ ਆਪਣੇ ਪਾਪ ਦਾ ਬਦਲਾ ਚੁਕਾਉਣ ਦਾ ਵਿਚਾਰ ਕਈ ਵਾਰ ਪੁਰਾਣੇ ਨੇਮ ਵਿਚ ਮਿਲਦਾ ਹੈ (ਯਹੋਸ਼ੁਆ 7:24; ਯਿਰਮਿਯਾਹ 26:15; ਵਿਰਲਾਪ 5:7)। ਪਰ ਹੋਰ ਆਇਤਾਂ ਤੋਂ

ਸੰਕੇਤ ਮਿਲਦਾ ਹੈ ਕਿ ਹਰ ਸ਼ਖ਼ਸ ਆਪਣੇ ਹੀ ਕੰਮਾਂ ਲਈ ਜਵਾਬਦੇਹ ਹੈ (ਹਿਜ਼ਕੀਏਲ 18)। ਨਿਆਂ ਵਾਲੇ ਦਿਨ ਅਸੀਂ *ਆਪਣੇ* ਹੀ ਕੀਤੇ ਹੋਏ ਕੰਮਾਂ ਦਾ ਹਿਸਾਬ ਦਿਆਂਗੇ ਜੋ *ਆਉਣ ਵਾਲੀ ਜ਼ਿੰਦਗੀ* ਲਈ ਸਾਡਾ ਭਵਿੱਖ ਤੈਅ ਕਰੇਗਾ (ਰੋਮੀਆਂ 2:5–11; 2 ਕੁਰਿੰਥੀਆਂ 5:10)।

ਸਾਫ਼ ਤੌਰ ਤੇ ਯਹੂਦੀਆਂ ਦੇ ਉਨ੍ਹਾਂ ਵੱਲੋਂ ਸਤਾਅ ਨੂੰ ਸਹੀ ਠਹਿਰਾਉਣ ਦੇ ਲਈ ਇਸ ਆਇਤ ਦੀ ਵਰਤੋਂ ਕਰਦਿਆਂ ਕੁਝ ਲੋਕਾਂ ਨੇ ਸਦੀਆਂ ਤੋਂ ਯਹੂਦੀਆਂ ਦੇ ਦੋਸ਼ ਦੇ ਸਬੰਧ ਵਿਚ ਇਸ ਦੀ ਦੁਰਵਰਤੋਂ ਕੀਤੀ ਹੈ। ਪਰ ਇਹ ਧਿਆਨ ਦਿੱਤਾ ਜਾਣਾ ਜ਼ਰੂਰੀ ਹੈ ਕਿ ਜਿਵੇਂ ਲਿਓਨ ਮੌਰਿਸ ਨੇ ਕਿਹਾ ਹੈ ਕਿ ਇਹ ''ਬੇਕਾਬੂ ਭੀੜ ਦੀ ਜ਼ਿੰਮੇਵਾਰੀ ਦੇ ਬਗੈਰ ਸੋਚ ਦੇ ਮਾਨਤਾ ਤੋਂ ਵਧ ਕੇ ਨਹੀਂ'' ਸੀ।[33] ਇਨ੍ਹਾਂ ਲੋਕਾਂ ਨੂੰ ਆਪਣੇ ਬੁਰੇ ਕੰਮਾਂ ਲਈ ਜਿਹੜੇ ਉਹ ਕਰ ਰਹੇ ਸਨ ਆਪਣੀ ਕੌਮ ਨੂੰ ਜੋੜਨ ਦਾ ਇਖ਼ਤਿਆਰ ਨਹੀਂ ਸੀ। ਇਸ ਦੇ ਇਲਾਵਾ ਉਹ ਯਹੂਦੀ ਲੋਕਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਜ਼ਾ ਦੇਣ ਵਾਸਤੇ ਖ਼ੁਦਾ ਨੂੰ ਮਜਬੂਰ ਨਹੀਂ ਕਰ ਸਕਦੇ ਸਨ। ਇਹ ਧਿਆਨ ਰੱਖਿਆ ਜਾਣਾ ਚਾਹੀਦਾ ਹੈ ਕਿ ਯਿਸੂ ਅਤੇ ਉਸ ਦੇ ਸਾਰੇ ਰਸੂਲ ਯਹੂਦੀ ਸਨ। ਇਸ ਤੋਂ ਇਲਾਵਾ ਯਰੂਸ਼ਲਮ ਦੀ ਮੁੱਢਲੀ ਕਲੀਸੀਆ ਵਿਚ ਵੀ ਸਾਰੇ ਯਹੂਦੀ ਹੀ ਸਨ।

**ਆਇਤ 26.** ਭੀੜ ਨੇ ਜਦ ਯਿਸੂ ਦਾ ਵਿਰੋਧ ਕਰਨਾ ਨਹੀਂ ਛੱਡਿਆ ਤਾਂ ਪਿਲਾਤੁਸ ਨੇ **ਬਰੱਬਾ ਨੂੰ ਉਨ੍ਹਾਂ ਦੀ ਖ਼ਾਤਰ ਛੱਡ ਦਿੱਤਾ।** ਇਸ ਕਸੂਰਵਾਰ ਮੁਜਰਮ ਨੂੰ ਬੇਕਸੂਰ ਮਸੀਹ ਦੇ ਬਦਲੇ ਛੱਡ ਦਿੱਤਾ ਗਿਆ ਸੀ। ਛੁਟ ਜਾਣ ਦੇ ਬਾਅਦ ਬਰੱਬਾ ਨੇ ਕੀ ਕੀਤਾ ਇਸ ਉੱਤੇ ਬਾਈਬਲ ਖਾਮੋਸ਼ ਹੈ।

ਸਲੀਬ ਦੇਣ ਤੋਂ ਪਹਿਲਾਂ ਪਿਲਾਤੁਸ ਨੇ ਯਿਸੂ **ਨੂੰ ਕੋਰੜੇ** (*phragelloo*) ਮਰਵਾਏ। ਲੂਕਾ 23:16, 22 ਦੇ ਅਨੁਸਾਰ ਪਿਲਾਤੁਸ ਨੇ ਪਹਿਲਾਂ ਯਹੂਦੀਆਂ ਨੂੰ ਸ਼ਾਂਤ ਕਰਨ ਲਈ ਯਿਸੂ ਨੂੰ ਕੋਰੜੇ ਮਾਰਨ ਦੀ ਸਜ਼ਾ ਦੇਣ ਦਾ ਸੁਝਾਅ ਦਿੱਤਾ ਸੀ। ਉਸ ਦੇ ਬਾਅਦ ਉਹ ਉਸ ਨੂੰ ਛੱਡ ਦੇਣਾ ਚਾਹੁੰਦਾ ਸੀ। ਪਰ ਉਸ ਦੇ ਸੁਝਾਅ ਦਾ ਕੋਈ ਅਸਰ ਨਾ ਹੋਇਆ ਕਿਉਂ ਜੋ ਇਹ ਯਹੂਦੀ ਆਗੂ ਅਤੇ ਭੀੜ ਯਿਸੂ ਦੀ ਮੌਤ ਤੋਂ ਘੱਟ ਤੇ ਰਾਜ਼ੀ ਨਹੀਂ ਹੋਣ ਵਾਲੇ ਸਨ। ਇੱਥੇ ਯਿਸੂ ਨੂੰ ਜਿਹੜੇ ਕੋਰੜੇ ਮਾਰੇ ਗਏ ਉਹ ਸਲੀਬ ਤੇ ਲਿਜਾਣ ਤੋਂ ਪਹਿਲਾਂ ਲਈ ਸਨ। ਸਲੀਬ ਦਿੱਤੇ ਜਾਣ ਦੀ ਸਜ਼ਾ ਪਾਉਣ ਵਾਲਿਆਂ ਲਈ ਪਹਿਲਾਂ ਕੋਰੜੇ ਮਾਰੇ ਜਾਣਾ ਆਮ ਗੱਲ ਸੀ, ਜੋ ਕਿ ਜੁਰਮ ਨੂੰ ਰੋਕਣ ਦਾ ਕੰਮ ਕਰਨ ਵਾਲਾ ਵਿਹਾਰ ਵੀ ਸੀ।[34]

ਸਲੀਬ ਦਿੱਤੇ ਜਾਣ ਤੋਂ ਪਹਿਲਾਂ ਦਾ ਕੋਰੜੇ ਮਾਰੇ ਜਾਣਾ ਸਭ ਤੋਂ ਸਖ਼ਤ ਕਿਸਮ ਦੀ ਸਜ਼ਾ ਸੀ। ਰੋਮੀ ਲੋਕ ਚਮੜੇ ਦਾ ਪਟਾ ਜਾਂ ਚਾਬੁਕ ਵਰਤਦੇ ਸਨ ਜਿਸ ਉੱਤੇ ਧਾਤ ਜਾਂ ਹੱਡੀ ਦੇ ਟੁਕੜੇ ਲੱਗੇ ਹੁੰਦੇ ਸਨ।[35] ਚਾਬੁਕ ਦੀ ਮਾਰ ਨਾਲ ਆਦਮੀ ਦੇ ਮਾਸ ਵਿਚ ਕੱਟ ਲੱਗ ਜਾਂਦੇ ਸਨ ਜਿਸ ਨਾਲ ਆਮ ਤੌਰ ਤੇ ਹੱਡੀਆਂ ਅਤੇ ਦੂਜੇ ਅੰਗ ਨਜ਼ਰ ਆਉਣ ਲੱਗ ਪੈਂਦੇ ਸਨ।[36] ਕੋਰੜੇ ਮਾਰਨਾ ਐਨਾਂ ਜ਼ੁਲਮ ਭਰਿਆ ਹੁੰਦਾ ਸੀ ਕਿ ਕਈ ਵਾਰ ਆਦਮੀ ਸਲੀਬ ਤੇ ਲਿਜਾਏ ਜਾਣ ਤੋਂ ਪਹਿਲਾਂ ਹੀ ਦਮ ਦੇ ਦਿੰਦਾ ਸੀ।[37]

ਯਹੂਦੀ ਆਗੂਆਂ ਦੀ ਮਰਜ਼ੀ ਪੂਰੀ ਕਰਦਿਆਂ ਯਿਸੂ ਨੂੰ ਕੋਰੜੇ ਮਾਰੇ ਜਾਣ ਦੇ ਬਾਅਦ ਪਿਲਾਤੁਸ ਨੇ ਰੋਮੀ ਸਿਪਾਹੀਆਂ ਨੂੰ **ਸਲੀਬ ਉੱਤੇ ਚੜ੍ਹਾਉਣ ਲਈ ਹਵਾਲੇ ਕੀਤਾ।**

## ਸਿਪਾਹੀਆਂ ਵੱਲੋਂ ਠੱਠਾ ਕੀਤਾ ਜਾਣਾ (27:27-31)

**27ਤਦ ਹਾਕਮ ਦੇ ਸਿਪਾਹੀਆਂ ਨੇ ਯਿਸੂ ਨੂੰ ਦਿਵਾਨਖ਼ਾਨੇ ਵਿਚ ਲੈ ਜਾਕੇ ਸਾਰਾ ਜੱਥਾ ਉਹ ਦੇ ਕੋਲ ਇਕੱਠਾ ਕੀਤਾ। 28ਅਤੇ ਉਹ ਦੇ ਕੱਪੜੇ ਲਾਹ ਕੇ ਕਿਰਮਚੀ ਚੋਗਾ ਉਹ ਨੂੰ ਪੁਆਇਆ। 29ਅਤੇ ਉਨ੍ਹਾਂ ਨੇ ਕੰਡਿਆਂ ਦਾ ਤਾਜ ਗੁੰਦ ਕੇ ਉਹ ਦੇ ਸਿਰ ਉੱਤੇ ਰੱਖਿਆ ਅਤੇ ਇਕ ਕਾਨਾ ਉਹ ਦੇ ਸੱਜੇ ਹੱਥ ਵਿਚ ਦਿੱਤਾ ਅਰ ਉਹ ਦੇ ਸਾਹਮਣੇ ਗੋਡੇ ਨਿਵਾਏ ਅਤੇ ਉਹ ਨੂੰ ਠੱਠਾ ਮਾਰ ਕੇ ਆਖਿਆ, ਹੇ ਯਹੂਦੀਆਂ ਦੇ ਬਾਦਸ਼ਾਹ, ਨਮਸਕਾਰ ! 30ਅਤੇ ਉਨ੍ਹਾਂ ਨੇ ਉਸ ਉੱਤੇ ਥੁੱਕਿਆ ਅਰ ਉਹ ਕਾਨਾ ਲੈਕੇ ਉਹ ਦੇ ਸਿਰ**

**ਉੱਤੇ ਮਾਰਿਆ। [31]ਜਦ ਉਹ ਨੂੰ ਠੱਠਾ ਕਰ ਹਟੇ ਤਦ ਉਨ੍ਹਾਂ ਨੇ ਉਹ ਚੋਗਾ ਉਹ ਦੇ ਉੱਤੋਂ ਲਾਹ ਲਿਆ ਅਰ ਉਸੇ ਦੇ ਕੱਪੜੇ ਉਹ ਨੂੰ ਪੁਆਏ ਅਤੇ ਸਲੀਬ ਉੱਤੇ ਚੜ੍ਹਾਉਣ ਲਈ ਉਹ ਨੂੰ ਲੈ ਗਏ।**

**ਆਇਤ 27.** ਕੋਰੜੇ ਮਾਰਨ ਦੇ ਬਾਅਦ **ਸਿਪਾਹੀਆਂ ਨੇ ਯਿਸੂ ਨੂੰ ਦਿਵਾਨਖ਼ਾਨੇ ਵਿਚ ਲੈ ਜਾਕੇ ਸਾਰਾ ਜੱਥਾ ਉਹ ਦੇ ਕੋਲ ਇਕੱਠਾ ਕੀਤਾ।** ਯਿਸੂ ਤੋਂ ਪਹਿਲਾਂ ਵੀ ਪ੍ਰਿਟੋਰੀਅਮ ਭਾਵ ਕਿਲੇ ਦੇ ਅੰਦਰ ਪੁੱਛ ਗਿੱਛ ਕੀਤੀ ਗਈ ਸੀ ਜਿੱਥੇ ਹਾਕਮ ਦਾ ਮਹਿਲ ਸੀ (27:11; ਯੂਹੰਨਾ 18:28)। ਇਸ ਵਾਰ ਉਸ ਨੂੰ ਸਿਪਾਹੀਆਂ ਵੱਲੋਂ ਇੱਥੇ ਬੇਇੱਜ਼ਤ ਕੀਤਾ ਗਿਆ।

ਪੂਰਾ ਰੋਮੀ **ਜੱਥਾ** ਜਿਸ ਵਿਚ ਆਮ ਤੌਰ ਤੇ 600 ਆਦਮੀ ਹੁੰਦੇ ਸਨ, ਮਸੀਹ ਦੇ ਠੱਠਾ ਉਡਾਉਣ ਵਿਚ ਹਿੱਸਾ ਲੈਣ ਜਾਂ ਇਸ ਨੂੰ ਵੇਖਣ ਲਈ ਜਮਾਂ ਹੋਇਆ ਹੋਵੇਗਾ। ਪਰ ਯੂਨਾਨੀ ਸ਼ਬਦ (*speira*) ਜਿਸਦਾ ਅਨੁਵਾਦ ''ਜੱਥਾ'' ਹੋਇਆ ਹੈ, ਪ੍ਰਾਚੀਨ ਸਾਹਿਤ ਵਿਚ ''ਖੋਜੀ ਦਸਤਾ'' ਲਈ ਵੀ ਹੋ ਸਕਦਾ ਹੈ ਜਿਸ ਵਿਚ 200 ਬੰਦੇ ਹੁੰਦੇ ਸਨ।[38] ਹੋ ਸਕਦਾ ਹੈ ਕਿ ਇੱਥੇ ਦੋ ਸੌ ਬੰਦਿਆਂ ਵਾਲੀ ਟੁਕੜੀ ਧਿਆਨ ਵਿਚ ਹੋਵੇ। ਪਲਟਨ ਹੋਵੇ ਜਾਂ ਦਸਤਾ, ਇਹ ਯੂਨਿਟ ਅੰਦਰ ਬੈਰਕਾਂ ਵਿਚ ਹੀ ਰਹਿੰਦੀ ਸੀ ਕਿਉਂਕਿ ਇਹ ਲੋਕ ''ਹਾਕਮ ਦੇ ਸਿਪਾਹੀ'' ਸਨ।

**ਆਇਤ 28.** ਸਿਪਾਹੀਆਂ ਨੇ ਠੱਠਾ ਉਡਾਉਣ ਲਈ ਯਿਸੂ ਦੇ ਖ਼ਿਲਾਫ਼ ਜਿਸ ਇਲਜ਼ਾਮ ਨੂੰ ਵਰਤਿਆ ਉਹ ਇਹ ਸੀ ਕਿ ਉਹ '' ਯਹੂਦੀਆਂ ਦਾ ਰਾਜਾ'' (27:11) ਹੈ। ਪਹਿਲਾਂ ਤਾਂ ਉਨ੍ਹਾਂ ਨੇ ਉਸਦੇ **ਕੱਪੜੇ ਲਾਹ** ਦਿੱਤੇ ਅਤੇ ਉਸ ਦੀ ਜ਼ਖ਼ਮੀ ਅਤੇ ਲਹੂ ਲੁਹਾਨ ਪਿੱਠ ਤੇ **ਕਿਰਮਚੀ ਚੋਗਾ** ਉਸ ਨੂੰ ਪੁਆਇਆ। ਇਹ ''ਚੋਗਾ'' (*chlamus*) ਕੋਈ ਪੁਰਾਣਾ ਕਪੜਾ ਹੋਵੇਗਾ ਜਿਹੜਾ ਸਿਪਾਹੀਆਂ ਵਿੱਚੋਂ ਕਿਸੇ ਦਾ ਸੀ।[39] ਇਹ ''ਕਿਰਮਚੀ'' (*kokkinos*) ਜਾਂ ''ਸੁਰਖ'' ਰੰਗ ਦਾ ''ਮਹਿੰਗੇ ਬੈਂਜਨੀ ਕੱਪੜਿਆਂ ਦੇ ਉਲਟ ਸੱਸਤਾ ਰੰਗਿਆ ਹੋਇਆ ਕੱਪੜਾ ... ਜਿਸ ਦੇ ਰੰਗ ਸਿੱਪੀਆਂ ਤੋਂ ਲਏ ਗਏ ਸਨ ਅਤੇ ਉੱਪਰੋਂ ਸੀਤਾ ਹੋਇਆ ਸੀ।''[40] ਰੰਗ ਯਿਸੂ ਦਾ ਠੱਠਾ ਉਡਾਉਣ ਲਈ ਸੀ ਜਿਵੇਂ ਉਹ ਸ਼ਾਹੀ ਬੈਂਜਨੀ ਕੱਪੜੇ ਪਾਈ ਕੋਈ ਬਾਦਸ਼ਾਹ ਹੋਵੇ। ਮਰਕੁਸ ਜੋ ਇੱਥੇ ਵਧੇਰੇ ਸਰਲ ਸੀ, ਉਸ ਨੇ ਆਖਿਆ ਉਨ੍ਹਾਂ ਨੇ ''ਉਸ ਨੂੰ ਬੈਂਜਨੀ ਵਸਤਰ ਪਹਿਨਾਇਆ'' (ਮਰਕੁਸ 15:17)।

**ਆਇਤਾਂ 29, 30.** ਸਿਪਾਹੀਆਂ ਨੇ ਕੰਡਿਆਂ ਦੀ ਟਹਿਣੀ ਨੂੰ ਮੋੜ ਕੇ ਉਸ ਦਾ **ਤਾਜ** ਬਣਾਇਆ ਅਤੇ ਇਸ ਨੂੰ **ਉਹਦੇ ਸਿਰ ਉੱਤੇ** ਰੱਖ ਦਿੱਤਾ। ''ਤਾਜ'' ਲਈ ਯੂਨਾਨੀ ਸ਼ਬਦ (*stephanos*) ਦਾ ਅਰਥ ਆਮ ਤੌਰ ਤੇ ਜਿੱਤ ਦਾ ਹਾਰ ਹੁੰਦਾ ਸੀ ਪਰ ਇੱਥੇ ਇਸ ਦੀ ਵਰਤੋਂ ਹਾਕਮ ਦੇ ਤਾਜ *diadema* ਦਾ ਸੰਕੇਤ ਦੇਣ ਲਈ ਕੀਤੀ ਗਈ ਹੈ। ਸੋਨੇ ਦਾ ਚਮਕਦਾਰ ਤਾਜ ਪਾਉਣ ਦੀ ਥਾਂ ਯਿਸੂ ਨੇ ਕੰਡਿਆਂ ਦਾ ਫਟੀਚਰ ਜਿਹਾ ਤਾਜ ਪਹਿਨਿਆ। ਉਨ੍ਹਾਂ ਨੇ ਉਸ ਦੀ ਖੋਪੜੀ ਵਿਚ ਕੰਡੇ ਵਿੰਨ੍ਹ ਦਿੱਤੇ ਹੋਣਗੇ, ਜਿਸ ਨਾਲ ਬੇਹੱਦ ਤਕਲੀਫ਼ ਹੋਈ ਹੋਵੇਗੀ। ਇਹ ਸਲੂਕ ਉਨ੍ਹਾਂ ਹੋਰ ਤਰੀਕਿਆਂ ਨਾਲ ਮੇਲ ਖਾਂਦਾ ਸੀ ਜਿਨ੍ਹਾਂ ਨਾਲ ਉਨ੍ਹਾਂ ਨੇ ਉਸ ਨੂੰ ਸਤਾਇਆ ਸੀ। ਇਹ ਵੀ ਹੋ ਸਕਦਾ ਹੈ ਕਿ ਕੰਡਿਆਂ ਦੀਆਂ ਨੁੱਕਰਾਂ ਰਾਜਿਆਂ ਵੱਲੋਂ ਪਹਿਨੇ ਜਾਣ ਵਾਲੇ ਤਿੱਖੇ ਤਾਜ ਦੀ ਨਕਲ ਕਰਨ ਲਈ ਬਾਹਰ ਨੂੰ ਕੱਢ ਦਿੱਤੀਆਂ ਹੋਣ, ਜਿਵੇਂ ਕਿ ਕੁਝ ਪੁਰਾਣੇ ਸਿੱਕਿਆਂ ਵਿਚ ਵਿਖਾਇਆ ਜਾਂਦਾ ਹੈ। ਤਿੱਖਾ ਤਾਜ ਪਾਉਣ ਵਾਲੇ ਕਿਸੇ ਦੇ ਇਲਾਹੀ ਹੋਣ ਦਾ ਸੰਕੇਤ ਦਿੰਦਾ ਸੀ।[41]

ਉਨ੍ਹਾਂ ਨੇ ਬਾਦਸ਼ਾਹ ਦੀ ਸੋਟੀ ਵਿਖਾਉਣ ਲਈ **ਇਕ ਕਾਨਾ ਉਹਦੇ ਸੱਜੇ ਹੱਥ ਵਿਚ** ਫੜਾ ਦਿੱਤਾ। ਸੱਜਾ ਹੱਥ ਡੰਡੇ ਵਾਂਗ ਹੀ ਸ਼ਕਤੀ ਅਤੇ ਇਖ਼ਤਿਆਰ ਦਾ ਪ੍ਰਤੀਕ ਸੀ। ''ਕਾਨਾ'' (*kalamos*) ਹੱਵਾ ਵਿਚ ਝੂਲਦਾ ਹੈ ਅਤੇ ਅਸਾਨੀ ਨਾਲ ਟੁੱਟ ਜਾਂਦਾ ਹੈ (11:7; 12:20)। ਅਜਿਹਾ ਡੰਡਾ ਮਜ਼ਬੂਤ ਟਹਿਣੀਆਂ ਨਾਲ ਬਣੇ ਡੰਡੇ (ਹਿਜ਼ਕੀਏਲ 19:11, 14) ਜਾਂ ਲੋਹੇ ਨਾਲੋਂ (ਜ਼ਬੂਰ 2:9; ਪ੍ਰਕਾਸ਼ ਦੀ ਪੋਥੀ 2:27; 12:5) ਉਲਟ ਹੈ। ਕਾਨੇ ਦਾ ਡੰਡਾ ਵਰਤਦਿਆਂ ਸਿਪਾਹੀ ਇਹੀ ਸੰਕੇਤ ਦਿੰਦੇ

ਹੋਏ ਯਿਸੂ ਦਾ ਮਜ਼ਾਕ ਉਡਾ ਰਹੇ ਸਨ ਕਿ ਉਹ ਕਮਜ਼ੋਰ ਆਦਮੀ ਹੈ। ਉਸ ਦੀਆਂ ਫੌਜਾਂ ਅਤੇ ਉਸ ਦੇ ਹਥਿਆਰ ਕਿੱਥੇ ਗਏ? ਉਸ ਦੇ ਸੇਵਕ ਅਤੇ ਉਸ ਦੀ ਵਫ਼ਾਦਾਰ ਪਰਜਾ ਕਿੱਥੇ ਗਈ। ਉਸ ਦੀ ਸ਼ਾਹੀ ਗੱਦੀ ਵਾਲਾ ਉਸ ਦਾ ਮਹਿਲ ਕਿੱਥੇ ਹੈ? ਯਹੂਦੀਆਂ ਦਾ ਬਾਦਸ਼ਾਹ ਹੋਣ ਦੇ ਯਿਸੂ ਦੇ ਦਾਅਵੇ ਨੂੰ ''ਹਮਾਇਤ ਦੇਣ ਲਈ ਲੱਗਦਾ ਹੈ ਕਿ ਕੋਈ ਦੁਨਿਆਵੀ ਸਬੂਤ ਨਹੀਂ ਸੀ।''

ਉਸ ਦਾ ਸ਼ਾਹੀ ਲਿਬਾਸ ਪੂਰਾ ਕਰ ਲੈਣ ਦੇ ਬਾਅਦ ਇਨ੍ਹਾਂ ਜ਼ਾਲਿਮਾਂ ਨੇ **ਉਹ ਦੇ ਸਾਹਮਣੇ ਗੋਡੇ ਨਿਵਾਏ ਅਤੇ ਉਹ ਨੂੰ ਠੱਠਾ ਮਾਰ ਕੇ ਆਖਿਆ, ਹੇ ਯਹੂਦੀਆਂ ਦੇ ਬਾਦਸ਼ਾਹ, ਨਮਸਕਾਰ !** ਫ਼੍ਰਾਂਸ ਨੇ ਟਿੱਪਣੀ ਕੀਤੀ ਹੈ, ''ਹੇ ਯਹੂਦੀਆਂ ਦੇ ਬਾਦਸ਼ਾਹ ਨਮਸਕਾਰ!'' ਆਮ ਸਲਾਮ ਅਤੇ *ਏਵ ਸੀਜ਼ਰ* ਨੂੰ ਦਰਸਾਉਣ ਲਈ ਵੀ ਹੋ ਸਕਦੀ ਹੈ।[42] ਸ਼ਾਇਦ ਉਹ ਯਿਸੂ ਦਾ ਇਸ ਤਰ੍ਹਾਂ ਨਾਲ ਆਦਰ ਕਰਨ ਦਾ ਵਿਖਾਵਾ ਕਰ ਰਹੇ ਸਨ ਜਿਵੇਂ ਉਹ ਆਪਣੇ ਰਾਜੇ ਦਾ ਕਰ ਰਹੇ ਹੋਣ।

ਸਿਪਾਹੀਆਂ ਨੇ ਯਿਸੂ **ਉੱਤੇ ਥੁੱਕਿਆ,** ਉਵੇਂ ਹੀ ਜਿਵੇਂ ਯਹੂਦੀ ਆਗੂਆਂ ਨੇ ਥੁੱਕਿਆ ਸੀ (26:67)। ਉਨ੍ਹਾਂ ਨੇ ਵੀ ਉਸ ਤੋਂ ਉਹ ਕਾਨਾ ਜਿਹੜਾ ਉਨ੍ਹਾਂ ਨੇ ਉਸ ਨੂੰ ਡੰਡੇ ਦੇ ਰੂਪ ਵਿਚ ਦਿੱਤਾ ਸੀ, ਲੈ ਲਿਆ ਅਤੇ ਇਸ ਨੂੰ **ਉਹ ਦੇ ਸਿਰ ਉੱਤੇ ਮਾਰਿਆ।**

**ਆਇਤ 31. ਜਦ ਉਹ ਨੂੰ ਠੱਠਾ ਕਰ ਹਟੇ ਤਦ ਉਨ੍ਹਾਂ ਨੇ ਉਹ ਚੋਗਾ ਉਹ ਦੇ ਉੱਤੋਂ ਲਾਹ ਲਿਆ ਅਰ ਉਸੇ ਦੇ ਕੱਪੜੇ ਉਹ ਨੂੰ ਪੁਆਏ।** ਹੋ ਸਕਦਾ ਹੈ ਕਿ ਕੰਡਿਆਂ ਦਾ ਤਾਜ ਉਸ ਦੇ ਸਿਰ ਤੋਂ ਲਾਹ ਲਿਆ ਗਿਆ ਹੋਵੇ। ਰੋਮੀ ਸਿਪਾਹੀ **ਸਲੀਬ ਉੱਤੇ ਚੜ੍ਹਾਉਣ ਲਈ ਉਹ ਨੂੰ ਲੈ ਗਏ।** ਯਿਸੂ ਨੂੰ ਕੋਰੜੇ ਮਾਰੇ ਜਾਣਾ, ਠੱਠਾ ਕੀਤੇ ਜਾਣਾ ਅਤੇ ਸਲੀਬ ਦਿੱਤੇ ਜਾਣਾ ਸਭ ਇਹ ਵਿਖਾਉਂਦਿਆਂ ਕਿ ਖ਼ੁਦਾ ਵੱਲੋਂ ਪਹਿਲਾਂ ਤੋਂ ਠਹਿਰਾਈ ਗਈ ਯੋਜਨਾ ਦਾ ਭਾਗ ਸਨ, ਉਸ ਦੀ ਨਬੂਵਤ ਦਾ ਪੂਰਾ ਹੋਣਾ ਸੀ (20:19)। ਸਿਪਾਹੀਆਂ ਲਈ ਇਹ ਰੋਜ਼ ਵਰਗਾ ਇਕ ਹੋਰ ਦਿਨ ਸੀ। ਉਨ੍ਹਾਂ ਨੇ ਯਿਸੂ ਤੋਂ ਪਹਿਲਾਂ ਬੇਸ਼ੁਮਾਰ ਲੋਕਾਂ ਨੂੰ ਇਸੇ ਤਰ੍ਹਾਂ ਨਾਲ ਸਤਾਇਆ ਅਤੇ ਮੌਤ ਦੀ ਸਜ਼ਾ ਦਿੱਤੀ ਸੀ ਅਤੇ ਉਸ ਦੇ ਬਾਅਦ ਵੀ ਉਨ੍ਹਾਂ ਨੇ ਕਈ ਯਹੂਦੀਆਂ ਨਾਲ ਅਜਿਹਾ ਸਲੂਕ ਕਰਨਾ ਸੀ।

ਯਿਸੂ ਦੇ ਕਿਲ੍ਹੇ 'ਚੋਂ ਬਾਹਰ ਨਿੱਕਲਦਿਆਂ ਉਸ ਨੂੰ ਆਪਣੇ ਗਲ ਵਿਚ ਇਹ ਨਿਸ਼ਾਨ ਪੁਆਉਣਾ ਪਿਆ ਹੋਵੇਗਾ ਜਿਸ ਉੱਤੇ ਲਿਖਿਆ ਸੀ, ''ਯਿਸੂ ਨਾਸਰੀ, ਯਹੂਦੀਆਂ ਦਾ ਬਾਦਸ਼ਾਹ'' (27:37; ਮਰਕੁਸ 15:26; ਲੂਕਾ 23:38; ਯੂਹੰਨਾ 19:19)। ਸਿਪਾਹੀਆਂ ਨੇ ਉਸ ਤੋਂ ਉਸ ਸਲੀਬ ਨੂੰ ਚੁਕਵਾ ਕੇ ਜਿਸ ਉੱਤੇ ਉਸ ਨੇ ਮਰਨਾ ਸੀ, ਗਲੀਆਂ ਵਿਚ ਘੁਮਾਇਆ। ਜੇ ਇਹ ਨਿਸ਼ਾਨ ਉਹਦੇ ਗਲੇ ਵਿਚ ਨਹੀਂ ਸੀ ਤਾਂ ਇਹ ਕਿਸੇ ਰੋਮੀ ਸਿਪਾਹੀ ਨੇ ਚੁੱਕਿਆ ਹੋਵੇਗਾ ਜਿਹੜਾ ਉਹਦੇ ਅੱਗੇ ਅੱਗੇ ਚੱਲ ਰਿਹਾ ਹੋਵੇਗਾ।[43] ਇਹ ਨਿਸ਼ਾਨ ਜਿਸ ਵਿਚ ਸ਼ਾਇਦ ਹੋਰ ਵੀ ਗੱਲਾਂ ਸਨ, ਬਾਅਦ ਵਿਚ ਸਲੀਬ ਤੇ ਉਸ ਦੇ ਉੱਪਰ ਲਾਇਆ ਜਾਣਾ ਸੀ। ਪਿਲਾਤੁਸ ਨੇ ਇਹ ਯਕੀਨੀ ਬਣਾਇਆ ਕਿ ਇਸ ਨੂੰ ਅਰਾਮੀ, ਲਾਤੀਨੀ ਅਤੇ ਯੂਨਾਨੀ ਭਾਸ਼ਾਵਾਂ ਵਿਚ ਲਿਖਿਆ ਜਾਵੇ ਤਾਂ ਜੋ ਕੋਲੋਂ ਦੀ ਲੰਘਣ ਵਾਲੇ ਇਸ ਨੂੰ ਪੜ੍ਹ ਸਕਣ (ਯੂਹੰਨਾ 19:20; NIV)।

~~~ **ਸਬਕ** ~~~

## ਮਨੁੱਖ ਪੁੰਤਿਉਸ ਪਿਲਾਤੁਸ (27:1, 2, 11-26)

ਯਹੂਦੀਆ ਦੇ ਸਿੱਧ ਦੇ ਰੂਪ ਦੇ ਵਿਚ ਉਸ ਦੇ ਨਾਂਅ ਨੂੰ ਛੱਡ ਸਾਨੂੰ ਪੁੰਤਿਉਸ ਪਿਲਾਤੁਸ ਦੀ ਪੱਕੀ ਜਾਣਕਾਰੀ ਨਹੀਂ ਹੈ। ''ਪੁੰਤਿਉਸ'' ਉਸ ਸਮੇਂ ਦੱਖਣ ਕੇਂਦਰੀ ਇਟਲੀ ਵਿਚ ਇਕ ਅਹਿਮ ਪਰਿਵਾਰਿਕ ਨਾਂਅ ਸੀ। ਗੋਦੀਨ ਸ਼ਖਾਵਾਂ ਵਿਚ ਰੋਮੀਆਂ ਤੇ ''ਪੁੰਤਿਉਸ'' ਨੇ ਇਕ ਜ਼ਬਰਦਸਤ ਹਾਰ ਦਿੱਤੀ। ਲੂਸੀਅਸ ਪੁੰਤਿਉਸ ਅਕਵਿੱਲਾ ਸਿਸੇਰੋ ਦਾ ਦੋਸਤ ਅਤੇ ਜੂਲੀਅਸ ਸੀਜ਼ਰ ਦੇ ਕਾਤਲਾਂ ਵਿੱਚੋਂ ਇਕ
~~~

ਸੀ। ਪਿਲਾਤੁਸ ਨਾਂਅ ਸੰਭਵ ਤੌਰ ਤੇ ਪੁੰਤਿਉਸ ਘਰਾਣੇ ਦੀ ਸ਼ਾਖ ਦਾ ਸੰਕੇਤ ਸੀ ਜਿਸ ਤੋਂ ਪੁੰਤਿਉਸ ਪਿਲਾਤੁਸ ਨਿੱਕਲਿਆ ਸੀ। ਇਸ ਨਾਂਅ ਦਾ ਅਰਥ ਗੁੰਮ ਚੁੱਕਿਆ ਹੈ। ਯਹੂਦੀਆ ਦੇ ਪੰਜਵੇ ਸਿੱਧ ਦੇ ਰੂਪ ਦੇ ਵਿਚ ਪਿਲਾਤੁਸ ਨੇ ਉਸ ਇਲਾਕੇ ਤੇ ਹਕੂਮਤ ਕੀਤੀ, ਜਿਸ ਉੱਤੇ 6 ਈਸਵੀ ਵਿਚ ਰੋਮੀਆਂ ਵੱਲੋਂ ਗੱਦੀ ਤੋਂ ਲਾਹੇ ਜਾਣ ਤੋਂ ਪਹਿਲਾਂ ਅਰਖਿਲਾਉਸ ਦੀ ਹਕੂਮਤ ਸੀ। ਉਸ ਕੋਲ ਸ਼ਹਿਰੀ, ਫੌਜੀ ਅਤੇ ਅਦਾਲਤੀ ਇਲਾਕਾ ਸੀ। ਉਹ ਗ੍ਰੇਟੁਸ ਦਾ ਉੱਤਰਾਧਿਕਾਰੀ ਸੀ ਅਤੇ ਦਸ ਸਾਲਾਂ ਤਕ ਅਹੁਦੇ ਤੇ ਰਿਹਾ ਸੀ ( 26–36 ਈ:)। ਉਸ ਨੂੰ ਸੀਰੀਆ ਦੇ ਰਾਜਦੂਤ ਵਿਟੇਨਿਉਸ ਨੇ ਗੱਦੀਓਂ ਲਾਹ ਦਿੱਤਾ ਸੀ। ਗੱਦੀਓਂ ਲਾਹੇ ਜਾਣ ਦੇ ਬਾਅਦ ਉਹ ਤਿਬਰਿਉਸ ਅੱਗੇ ਆਪਣੀ ਸਫ਼ਾਈ ਦੇਣ ਲਈ ਛੇਤੀ ਛੇਤੀ ਰੋਮ ਚਲਿਆ ਗਿਆ। ਪਰ ਉਸ ਦੇ ਰੋਮ ਵਿਚ ਪਹੁੰਚਣ ਤਕ ਬਾਦਸ਼ਾਹ ਦੀ ਮੌਤ ਹੋ ਚੁੱਕੀ ਸੀ (ਈਸਵੀ 37 ਦੇ ਮਾਰਚ ਮਹੀਨੇ ਵਿਚ)। ਬਾਦਸ਼ਾਹ ਦੀ ਮੌਤ ਨਾਲ ਪੈਦਾ ਹੋਈ ਉਝਣ ਵਿਚ ਪਿਲਾਤੁਸ ਗੜਬੜ ਤੋਂ ਬਚ ਕੇ ਨਿੱਕਲ ਗਿਆ ਲੱਗਦਾ ਹੈ। ਉਸ ਦੇ ਬਾਅਦ ਤੋਂ ਸਾਡੇ ਕੋਲ ਪਿਲਾਤੁਸ ਦੀ ਜ਼ਿੰਦਗੀ ਦਾ ਕੋਈ ਪੱਕਾ, ਭਰੋਸੇਮੰਦ ਇਤਿਹਾਸਕ ਦਸਤਾਵੇਜ਼ ਨਹੀਂ ਹੈ।

ਫੀਲੋ ਨੇ ਪਿਲਾਤੁਸ ਉੱਤੇ ਭਰਸ਼ਟਾਚਾਰ, ਕਤਲ ਅਤੇ ਘਿਣਾਉਣੇ ਅਣਮਨੁੱਖੀ ਹੋਣ ਦਾ ਇਲਜ਼ਾਮ ਲਾਉਂਦਿਆਂ ਉਸ ਨੂੰ ਬੇਰਹਿਮ ਜਨੂਨਾ ਅਤੇ ਬੇਹੱਦ ਜ਼ੁਲਮ ਵਾਲੇ ਵਿਅਕਤੀ ਦੇ ਰੂਪ ਵਿਚ ਵਿਖਾਇਆ ਹੈ।[44] ਇਕ ਰਵਾਇਤ ਮੁਤਾਬਿਕ ਪਿਲਾਤੁਸ ਪਾਗਲ ਹੋ ਗਿਆ ਅਤੇ ਜ਼ਿੱਲਤ ਅਤੇ ਕਲੰਕ ਨਾਲ ਮਰ ਗਿਆ। ਯੂਸਬਿਉਸ ਨੇ ਲਿਖਿਆ ਹੈ ਕਿ ਪਿਲਾਤੁਸ ਨੇ ਆਪਣੀ ਹੀ ਜਾਨ ਲੈ ਲਈ।[45] ਇਸਦੇ ਉਲਟ ਕੌਪਟਿਕ ਚਰਚ ਇਹ ਦਾਅਵਾ ਕਰਦਿਆਂ ਕਿ ਉਹ ਅਤੇ ਉਸ ਦੀ ਪਤਨੀ ਬਾਅਦ ਵਿਚ ਮਸੀਹੀ ਬਣ ਗਏ ਸਨ, ਉਸ ਨੂੰ ਸੰਤਾਂ ਦੀ ਸੂਚੀ ਵਿਚ ਸ਼ਾਮਿਲ ਕੀਤਾ ਗਿਆ ਹੈ।

ਬੇਸ਼ੱਕ ਪਿਲਾਤੁਸ ਕੋਲ ਯਿਸੂ ਨੂੰ ਛੱਡ ਦੇਣ ਦੀ ਸ਼ਕਤੀ ਸੀ ਅਤੇ ਉਸ ਨੇ ਉਸ ਨੂੰ ਨਹੀਂ ਛੱਡਿਆ, ਪਰ ਸਲੀਬ ਦਿੱਤਾ ਜਾਣਾ ਯਹੂਦੀ ਆਗੂਆਂ ਦੀ ਜ਼ਿਦ ਦੇ ਬਗੈਰ ਨਹੀਂ ਹੋਣਾ ਸੀ। ਪਰ ਭਾਵੇਂ ਪਿਲਾਤੁਸ ਨੇ ਮਾਮਲੇ ਤੋਂ ਬਰੀ ਹੋਣ ਦੀ ਕੋਸ਼ਿਸ਼ ਲਈ ਆਪਣੇ ਹੱਥ ਧੋਣ ਦੀ ਕੋਸ਼ਿਸ਼ ਕੀਤੀ (27:24), ਪਰ ਉਹਦੇ ਲਈ ਸਾਰੀ ਜਵਾਬਦੇਹੀ ਤੋਂ ਮੁਕਤ ਹੋਣਾ ਨਾਮੁਮਕਿੰਨ ਸੀ। ਯਿਸੂ ਨੇ ਪਿਲਾਤੁਸ ਨੂੰ ਦੱਸਿਆ ਸੀ ਕਿ ਜਿਨ੍ਹਾਂ ਨੇ ਉਸ ਨੂੰ ਉਸ ਦੇ ਸਪੁਰਦ ਕੀਤਾ ਸੀ ਉਨ੍ਹਾਂ ਦਾ ‘‘ਪਾਪ ਬਹੁਤਾ’’ ਸੀ (ਯੂਹੰਨਾ 19:11; ਵੇਖੋ ਰਸੂਲਾਂ ਦੇ ਕੰਮ 3:13; 4:27, 28)।

## ਕੋਰੜੇ ਮਾਰੇ ਜਾਣ ਦਾ ਸੰਤਾਪ (27:26)

ਯਿਸੂ ਨੂੰ ਮਿਲੀ ਮਾਰ ਦੀ ਬੇਹੱਦ ਸਖ਼ਤੀ ਦਾ ਵਰਣਨ ਇੰਜੀਲ ਦੇ ਚਾਰਾਂ ਵਿਰਤਾਂਤਾਂ ਵਿੱਚੋਂ ਕਿਸੇ ਵਿਚ ਵੀ ਨਹੀਂ ਕੀਤਾ ਗਿਆ (27:26 ਤੇ ਟਿੱਪਣੀਆਂ ਵੇਖੋ)। ਅਜਿਹਾ ਕਰਨਾ ਬੇਲੋੜਾ ਸੀ ਕਿਉਂਕਿ ਪੁਰਾਣੇ ਜ਼ਮਾਨੇ ਦੇ ਲੋਕ ਅਜਿਹੇ ਨਜ਼ਾਰਿਆਂ ਤੋਂ ਚੰਗੀ ਤਰ੍ਹਾਂ ਵਾਕਫ਼ ਹੁੰਦੇ ਸਨ। ‘‘ਸਲੀਬ ਦਿੱਤੇ ਜਾਣਾ’’ ਸ਼ਬਦ ਵਾਂਗ ‘‘ਕੋਰੜੇ ਮਾਰੇ ਜਾਣਾ’’ ਸ਼ਬਦ ਕਹਿਣਾ ਵੀ ਕਿਸੇ ਦੀ ਦਿਮਾਗੀ ਹਾਲਤ ਨੂੰ ਦੱਸਣ ਲਈ ਕਾਫ਼ੀ ਹੁੰਦਾ ਸੀ (27:26 ਤੇ ਟਿੱਪਣੀਆਂ ਵੇਖੋ)। ਯਹੂਦੀ ਲੋਕ ਭਾਵੇਂ ਸਿਰਫ਼ ਉਣਤਾਲੀ ਕੋਰੜੇ ਮਾਰ ਸਕਦੇ ਸਨ (2 ਕੁਰਿੰਥੀਆਂ 11:24), ਪਰ ਰੋਮੀਆਂ ਨੂੰ ਤਾਂ ਤਰਸ ਦਾ ਪਤਾ ਹੀ ਨਹੀਂ ਸੀ ਅਤੇ ਉਹ ਯਹੂਦੀਆਂ ਦੀ ਸ਼ਰ੍ਹਾ ਨਾਲ ਸੀਮਤ ਨਹੀਂ ਸਨ। ਯਿਸੂ ਨੂੰ ਮਾਰੇ ਗਏ ਕੋਰੜਿਆਂ ਦੀ ਅਸਲ ਵਿਚ ਗਿਣਤੀ ਪਤਾ ਨਹੀਂ।

ਯਿਸੂ ਨੂੰ ਕੋਰੜੇ ਮਾਰੇ ਜਾਣਾ ਖ਼ਾਸ ਤੌਰ ਤੇ ਦਰਦਨਾਕ ਸੀ। ਚਮੜੇ ਦੇ ਪਟੇ ਦੀ ਥਾਂ ਯੂਨਾਨੀ ਸ਼ਬਦ ਉਸ ਮਾਰ ਵੱਲ ਇਸ਼ਾਰਾ ਕਰਦਾ ਹੈ ਜਿਸ ਵਿਚ ਧਾਤ ਦੇ ਟੁਕੜਿਆਂ ਵਾਲਾ ਅਤੇ ਇਸ ਵਿਚ ਹੱਡੀਆਂ ਜੜਿਆ ਚਾਬੁਕ ਵਰਤਿਆ ਗਿਆ ਸੀ। ਬੇਸ਼ੱਕ ਇਸ ਨੂੰ ਮਾਹਿਰ ਰੋਮੀ ਸਿਪਾਹੀ ਹੀ ਚਲਾਉਂਦਾ ਸੀ। ਡਾਕਟਰ ਇਸ ਕੰਮ ਲਈ ਆਖਦੇ ਹਨ ਕਿ ਯਿਸੂ ਨੂੰ ਸਦਮੇ ਤੋਂ ਪਹਿਲੀ ਹਾਲਤ ਵਿਚ ਛੱਡ ਦਿੱਤਾ

ਗਿਆ ਹੋਵੇਗਾ। ਇਸ ਕਰਕੇ ਅਸਲ ਸਲੀਬ ਦਿੱਤੇ ਜਾਣ ਤੋਂ ਪਹਿਲਾਂ ਹੀ ਡਾਕਟਰੀ ਲਿਹਾਜ਼ ਨਾਲ ਯਿਸੂ ਗੰਭੀਰ ਅਤੇ ਸ਼ਾਇਦ ਨਾਜ਼ੁਕ ਹਾਲਤ ਵਿਚ ਸੀ।

ਯਿਸੂ ਨੂੰ ਜ਼ਾਲਿਮਾਨਾ ਤਰੀਕੇ ਨਾਲ ਮਾਰੇ ਗਏ ਕੋਰੜੇ ਸਲੀਬ ਤੋਂ ਪਹਿਲਾਂ ਸਨ। ਅਸਲ ਵਿਚ ਦੋਵੇਂ ਘਟਨਾਵਾਂ ਜੋੜ ਦਿੱਤੀਆਂ ਜਾਂਦੀਆਂ ਹਨ। ਯਸਾਯਾਹ ਨੇ ਦੁਖੀ ਦਾਸ ਦੀ ਨਬੂਵਤ ਕੀਤੀ ਸੀ:

> ਪਰ ਉਹ ਸਾਡੇ ਅਪਰਾਧਾ ਲਈ ਘਾਇਲ ਕੀਤਾ ਗਿਆ,
> ਸਾਡੀਆਂ ਬਦੀਆਂ ਦੇ ਕਾਰਣ ਕੁਚਲਿਆ ਗਿਆ,
> ਸਾਡੀ ਸ਼ਾਂਤੀ ਲਈ ਉਸ ਉੱਤੇ ਤਾੜਨਾ ਹੋਈ,
> ਅਤੇ *ਉਸ ਦੇ ਮਾਰ ਖਾਣ* ਤੋਂ ਅਸੀਂ ਨਿਰੋਏ ਕੀਤੇ ਗਏ (ਯਸਾਯਾਹ 53:5)।

ਪਤਰਸ ਨੇ ਵੀ ਇਹੀ ਭਾਸ਼ਾ ਵਰਤੀ ਜਦ ਉਸ ਨੇ ਲਿਖਿਆ, ''ਓਸ ਆਪ ਸਾਡਿਆਂ ਪਾਪਾਂ ਨੂੰ ਆਪਣੇ ਸਰੀਰ ਵਿਚ ਰੁੱਖ ਉੱਤੇ ਚੁੱਕ ਲਿਆ ਭਈ ਅਸੀਂ ਪਾਪ ਦੀ ਵੱਲੋਂ ਮਰ ਕੇ ਧਰਮ ਦੀ ਵੱਲੋਂ ਜੀਵੀਏ। *ਓਸੇ ਦੇ ਮਾਰ ਖਾਣ [* 'ਕੋਰੜਿਆਂ ਦੀ ਮਾਰ'; KJV *]* ਤੋਂ ਤੁਸੀਂ ਨਰੋਏ ਕੀਤੇ ਗਏ'' (1 ਪਤਰਸ 2:24)।

ਡੇਵਿਡ ਸਟਿਵਰਟ

---

ਟਿੱਪਣੀਆਂ

[1]ਪਲਾਇਨੀ *ਲੈਟਰਜ਼* 3.1.4; 3.5.9–11; 4.16.4, 5; 9.36.1; ਮਾਰਸ਼ਲ *ਏਪੀਗ੍ਰਾਮਸ* 4.8.5–8. [2]ਜੌਨ ਲਾਈਟਫੁੱਟ, *ਏ ਕਮੈਂਟਰੀ ਆਨ ਦ ਨਿਊ ਟੈਸਟਾਮੈਂਟ ਫਰਾਮ ਦ ਟਾਲਮੁਡ ਐਂਡ ਹੇਬ੍ਰੇਕਾ: ਮੈਥਿਊ– 1 ਕੋਰਿੰਥੀਅੰਸ,* ਜਿਲਦ 2, *ਮੈਥਿਊ–ਮਾਰਕ* (ਆਕਸਫ਼ੋਰਡ ਯੂਨੀਵਰਸਿਟੀ ਪ੍ਰੈੱਸ, 1859; ਰੀਪ੍ਰਿੰਟ, ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ, 1979), 359–60. [3]ਪਿਲਾਤੁਸ ਯਹੂਦੀਆ ਦਾ ''ਸਿੱਧ'' ਸੀ। ਕੁਝ ਪਰਾਚੀਨ ਸਰੋਤਾਂ ਵਿਚ ਵੀ ਉਸ ਨੂੰ ''ਮੁਖ਼ਤਿਆਰ'' ਆਖਿਆ ਗਿਆ ਹੈ। ਪਰ ਕਈਆਂ ਦਾ ਮੰਨਣਾ ਹੈ ਕਿ ਇਹ ਸ਼ਬਦ ਇਕ ਕਾਲਦੋਸ਼ ਹੈ। [4]ਵੇਖੋ ਬਰੂਸ ਐਮ. ਮੈਜ਼ਗਰ, *ਏ ਟੈਕਸਚੁਅਲ ਕਮੈਂਟਰੀ ਆਨ ਦ ਗ੍ਰੀਕ ਨਿਊ ਟੈਸਟਾਮੈਂਟ,* ਜਿਲਦ 2ਜੀ (ਸਟੱਟਗਰਟ: ਜਰਮਨ ਬਾਈਬਲ ਸੋਸਾਇਟੀ, 1994), 54–55. [5]ਜੋਸੇਫ਼ਸ *ਐਂਟੀਕੁਇਟੀਜ਼* 18.2.2; ਫਿਲੋ *ਅੰਬੈਸੀ ਟੂ ਗਯੁਸ* 299–305; ਟੇਸਿਟੁਸ *ਐਨਲਸ* 15.44. [6]ਹੈਰਲਡ ਹੋਗਨਰ, *ਹੈਰਡ ਐਂਟਿਪਾਸ,* ਸੋਸਾਇਟੀ ਫ਼ਾਰ ਨਿਊ ਟੈਸਟਾਮੈਂਟ ਸਟੱਡੀਜ਼, 17 (ਕੈਂਬ੍ਰਿਜ: ਕੈਂਬ੍ਰਿਜ ਯੂਨੀਵਰਸਿਟੀ ਪ੍ਰੈੱਸ, 1972), 173. [7]ਜੋਸੇਫ਼ਸ *ਐਂਟੀਕੁਇਟੀਜ਼* 18.3.1–2; 18.4.1–2; *ਵਾਰਜ਼* 2.9.2–4. [8]ਜੋਸੇਫ਼ਸ *ਐਂਟੀਕੁਇਟੀਜ਼* 18.3.1. [9]*ਜ਼ੌਂਡਰਵਨ ਇਲੱਸਟ੍ਰੇਟਡ ਬਾਈਬਲ ਬੈਕਗ੍ਰਾਉਂਡਜ਼ ਕਮੈਂਟਰੀ,* ਜਿਲਦ 1, *ਮੈਥਿਊ, ਮਾਰਕ, ਲੂਕ,* ਸੰਪਾ. ਕਲਿੰਟਨ ਈ. ਆਰਨੋਲਡ (ਗ੍ਰੈਂਡ ਰੈਪਿਡਸ, ਮਿਸ਼ਿਗਨ: ਜ਼ੌਂਡਰਵਨ, 2002), 171 ਵਿਚ ਮਾਈਕਲ ਜੇ. ਵਿਲਕਿੰਸ, ''ਮੈਥਿਊ।'' [10]ਵਾਲਟਰ ਬਾਊਰ, *ਏ ਗ੍ਰੀਕ–ਇੰਗਲਿਸ਼ ਲੈਕਸੀਕਨ ਆਫ਼ ਦ ਨਿਊ ਟੈਸਟਾਮੈਂਟ ਐਂਡ ਅਦਰ ਅਰਲੀ ਕ੍ਰਿਸਚਿਅਨ ਲਿਟਰੇਚਰ,* ਜਿਲਦ 3ਜੀ, ਸੋਧ ਅਤੇ ਸੰਪਾ. ਫ੍ਰੈਡਰਿਕ ਡਬਲਯੂ. ਡੈਂਕਰ (ਸ਼ਿਕਾਗੋ: ਯੂਨੀਵਰਸਿਟੀ ਆਫ਼ ਸ਼ਿਕਾਗੋ ਪ੍ਰੈੱਸ, 2000), 666.

[11]ਵਿਲਕਿੰਸ, 172; ਵੇਖੋ ਟਾਲਮੁਡ *ਅਮੋਡਾ ਜ਼ਰਹ* 18ਏ। [12]ਵੇਖੋ ਲਿਓਨ ਮੌਰਿਸ, *ਦ ਗੌਸਪਲ ਅਕਾਰਡਿੰਗ ਟੂ ਮੈਥਿਊ,* ਪਿੱਲਰ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1992), 696. [13]ਵਿਲਕਿੰਸ, 172. ਯਿਰਮਿਯਾਹ 19:2 ਵਿਚ ''ਹਿੰਨੋਮ ਦੀ ਵਾਦੀ'' ਨੂੰ ਜਾਣ ਵਾਲੇ ''ਠੀਕਰੀਆਂ ਦੇ ਫਾਟਕ ਦੇ ਬੂਹੇ'' ਦਾ ਜ਼ਿਕਰ ਹੈ। [14]ਕੁਝ ਪੁਰਾਤਨ ਹੱਥਲਿਖਤਾਂ ਵਿਚ ''ਜ਼ਕਰਯਾਹ'' ਦੀ ਥਾਂ ''ਯਿਰਮਿਯਾਹ'' ਹੈ। ਪਰ ਇਹ ਲਿਖਿਆ ਜਾਣਾ ਸੰਭਵ ਤੌਰ ਤੇ ਲਿਖਤ ਨੂੰ ਸਹੀ

ਕਰਨ ਦੀ ਕੋਸ਼ਿਸ਼ ਨੂੰ ਵਿਖਾਉਂਦਾ ਹੈ। ਕੁਝ ਹੱਥਲਿਖਤਾਂ ਵਿਚ ਕੋਈ ਨਾਂਅ ਨਹੀਂ ਹੈ; ''ਯਿਰਮਿਯਾਹ'' ਨਾਂਅ ਸੰਭਵ ਤੌਰ ਤੇ ਕਿਸੇ ਤਰ੍ਹਾਂ ਦਾ ਵਿਰੋਧਾਭਾਸ ਲੱਗਣ ਨੂੰ ਕੱਢਣ ਵਾਸਤੇ ਹੈ (ਮੈਜ਼ਗਰ, 55.) [15]ਇਸ ਪੇਸ਼ੀ ਦੇ ਹੋਰ ਵਿਸਤਾਰ ਲਈ, ਵੇਖੋ ਯੂਹੰਨਾ 18:28–19:16. [16]ਹੋਰ ਜਾਣਕਾਰੀ ਲਈ, ਦ ਐਂਕਰ ਬਾਈਬਲ ਡਿਕਸ਼ਨਰੀ, ਸੰਪਾ. ਡੇਵਿਡ ਨੋਇਲ ਫ੍ਰੀਡਮੈਨ (ਨਿਊ ਯਾਰਕ: ਡਬਲਡੇ, 1992), 5:447–49 ਵਿਚ ਵੇਖੋ ਬਰਗਿਲ (ਵਰਜਿਲ) ਪਿਕਸਨਰ, ''ਪ੍ਰਿਟੋਰੀਅਮ।'' [17]ਜੋਸੇਫ਼ਸ *ਵਾਰਜ਼* 5.4.2. [18]ਜੋਸੇਫ਼ਸ *ਐਂਟੀਕੁਇਟੀਜ਼* 20.8.11. [19]ਉਹੀ, 5.4.3, 4. [20]ਜੋਸੇਫ਼ਸ *ਵਾਰਜ਼* 2.15.5.

[21]ਮਿਸ਼ਨਾਹ *ਪੇਸਾਹਿਮ* 8.6. [22]ਵਿਲਕਿੰਸ, 173. [23]''ਅੱਬਾ'' ਦੀ ਤਸਦੀਕ ਆਦਮੀ ਦੇ ਨਾਂਅ ਦੇ ਰੂਪ ਵਿਚ ਹੁੰਦੀ ਹੈ (ਟਾਲਮੁਡ *ਬੇਰਾਕੋਥ* 18ਬੀ।) [24]ਅਰਾਮੀ ਭਾਸ਼ਾ ਦੇ ਸ਼ਬਦ *ਅੱਬਾ* ਤੋਂ ਭਾਵ ਹੈ ''ਪਿਤਾ'' (ਮਰਕੁਸ 14:36; ਰੋਮੀਆਂ 8:15; ਗਲਾਤੀਆਂ 4:6)। [25]ਆਰ. ਟੀ. ਫ੍ਰਾਂਸ, *ਦ ਗੌਸਪਲ ਅਕਾਰਡਿੰਗ ਟੂ ਮੈਥਿਊ,* ਦ ਟਿੰਡੇਲ ਨਿਊ ਟੈਸਟਾਮੈਂਟ ਕਮੈਂਟਰੀ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1985), 390. [26]ਮੈਜ਼ਗਰ, 56. [27]ਉਹ ਸੜਦੇ ਸਨ ਕਿਉਂਕਿ ਯਿਸੂ ਇਖ਼ਤਿਆਰ ਨੂੰ ਸਿਖਾਉਂਦਾ ਅਤੇ ਵੱਡੇ ਵੱਡੇ ਮੋਅਜਜ਼ੇ ਕਰਦਾ ਸੀ ਇਸ ਤੋਂ ਇਲਾਵਾ ਉਹ ਉਨ੍ਹਾਂ ਦੇ ਧਾਰਮਿਕ ਕਪਟ ਨੂੰ ਵੀ ਸਾਹਮਣੇ ਲਿਆਉਂਦਾ ਸੀ (21:23–23:39)। [28]ਡੋਨਲਡ ਏ. ਹੈਗਨਰ, *ਮੈਥਿਊ 14–28,* ਵਰਡ ਬਿਬਲੀਕਲ ਕਮੈਂਟਰੀ, ਜਿਲਦ 33ਬੀ (ਡਲਾਸ: ਵਰਡ ਬੁਕਸ, 1995), 823. [29]ਡਾਇਕਾਯੋਸ (***dikaios***) ਲੂਕਾ 23:47 ਵਿਚ ਯਿਸੂ ਦੀ ਸੂਬੇਦਾਰ ਦੀ ਪ੍ਰਤੀਕਿਰਿਆ ਵਿਚ ਵੀ ਮਿਲਦਾ ਹੈ ਜਿੱਥੇ NASB ਵਿਚ ਇਸ ਦਾ ਅਨੁਵਾਦ ''ਬੇਕਸੂਰ'' ਕੀਤਾ ਗਿਆ ਹੈ। [30]ਵਿਲਕਿੰਸ, 173.

[31]ਫ੍ਰਾਂਸ, 389. [32]ਇਹ ਹਾਸੇ ਵਾਲੀ ਗੱਲ ਹੀ ਹੈ ਕਿ ਮਹਾਸਭਾ ਨੇ ਬਾਅਦ ਵਿਚ ਰਸੂਲਾਂ ਉੱਤੇ ਉਨ੍ਹਾਂ ਨੂੰ ਯਿਸੂ ਦੀ ਮੌਤ ਦੇ ਜਵਾਬਦੇਹ ਹੋਣ ਦਾ ਭਾਵ ''ਉਸ ਆਦਮੀ ਦਾ ਲਹੂ ਸਾਡੇ ਉੱਤੇ ਲਾਉਣਾ ਚਾਹੁੰਦੇ ਹੋ'' ਦਾ ਇਲਜ਼ਾਮ ਲਾਇਆ (ਰਸੂਲਾਂ ਦੇ ਕੰਮ 5:28)। [33]ਮੌਰਿਸ, 708. [34]ਜੋਸੇਫ਼ਸ *ਵਾਰਜ਼* 2.14.9; 5.11.1. [35]*ਦ ਇੰਟਰਨੈਸ਼ਨਲ ਸਟੈਂਡਰਡ ਬਾਈਬਲ ਇੰਸਾਈਕਲੋਪੀਡੀਆ,* ਸੋਧਿਆ ਅੰਕ. ਸੰਪਾ. ਜਿਉਫਰੀ ਡਬਲਯੂ. ਬ੍ਰੋਮਿਲੇ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲੀਸ਼ਿੰਗ ਕੰ., 1988), 4:358–59 ਵਿਚ ਡੇਵਿਡ ਡਬਲਯੂ. ਵੀਡ, ''ਸਕਰੋਜ।'' ਹੋਰ ਹਾਲਾਤ ਵਿਚ ਰੋਮੀ ਲੋਕ ਛੜੀਆਂ ਦੀ ਵਰਤੋਂ ਕਰਦੇ ਸਨ (ਰਸੂਲਾਂ ਦੇ ਕੰਮ 16:22, 23; 2 ਕੁਰਿੰਥੀਆਂ 11:25)। ਯਹੂਦੀ ਲੋਕ ਖ਼ਾਸ ਕਰਕੇ ਚਾਬੁਕ ਵਰਤਦੇ ਸਨ ਪਰ ਉਹ ਆਪਣੇ ਚਾਬੁਕਾਂ ਦੀ ਗਿਣਤੀ ਉਣਤਾਲੀ ਜਾਂ ਇਕ ਘੱਟ ਚਾਲੀ ਤਕ ਰੱਖਦੇ ਸਨ (10:17 ਤੇ ਟਿੱਪਣੀਆਂ ਵੇਖੋ)। ਰੋਮੀਆਂ ਵਿਚ ਅਜਿਹੀ ਕੋਈ ਪਾਬੰਦੀ ਨਹੀਂ ਸੀ। [36]ਜੋਸੇਫ਼ਸ *ਵਾਰਜ਼* 2.21.5; 6.5.3. [37]ਡਾਇਜਸਟ ਆਰ. ਜਸਟੀਨੀਅਸ 48.19.8.3. [38]ਬਾਊਰ, 936. [39]ਉਹੀ, 1085. [40]ਉਹੀ, 554.

[41]ਐਚ. ਸੇਂਟ ਜੇ. ਹਾਰਟ, ''ਦ ਕ੍ਰਾਊਨ ਆਫ਼ ਥੌਰੰਜ਼ ਇਨ ਜੌਨ 19, 2–5,'' *ਜਰਨਲ ਆਫ਼ ਥਿਓਲੋਜੀਕਲ ਸਟੱਡੀਜ਼,* ਐਨ. ਐਸ. 3 (ਅਪ੍ਰੈਲ 1952): 66–75. [42]ਫ੍ਰਾਂਸ, 394. [43]ਸਿਉਟੋਨਿਉਸ *ਕਲਿਗੁਲਾ* 32.2; *ਡੋਮਿਸ਼ੀਅਨ* 10.1; ਡਿਓ ਕੇਸਿਉਸ *ਰੋਮਨ ਹਿਸਟਰੀ* 54.3.7. [44]ਫੀਲੋ *ਅੰਬੈਸੀ ਟੂ ਗਯੁਸ* 38. [45]ਯੁਸਬਿਉਸ *ਅਕਲੇਸਿਇਸਟਿਕਲ ਹਿਸਟਰੀ* 2.7.